

**ਸੰਸਥਾਪਕ :**
ਸੱਚਖੰਡ ਵਾਸੀ ਸੰਤ ਬਾਬਾ ਸੁੱਚਾ ਸਿੰਘ ਜੀ
ਬਾਨੀ ਜਵੱਦੀ ਟਕਸਾਲ
**ਮੁੱਖ ਸਰਪ੍ਰਸਤ :**
ਸੰਤ ਗਿਆਨੀ ਅਮੀਰ ਸਿੰਘ ਜੀ
ਮੁਖੀ, ਜਵੱਦੀ ਟਕਸਾਲ
**ਪ੍ਰਬੰਧਕੀ ਸੰਪਾਦਕ :**
ਭਾਈ ਸੋਹਨ ਸਿੰਘ
**ਸੰਪਾਦਕ :**
ਪਰਮਜੀਤ ਸਿੰਘ ਪੰਮੀ
**ਆਨਰੇਰੀ ਸੰਪਾਦਕ :**
ਭਾਈ ਸੁਖਵੰਤ ਸਿੰਘ
**ਸਾਲਾਨਾ ਚੰਦਾ** : 250/- ਵਿਦੇਸ਼
45$/35 ਪੌਂਡ
ਪ੍ਰਤੀ ਕਾਪੀ : 20/-

## ਤਤਕਰਾ


1. **ਸੰਪਾਦਕੀ - ਮੀਰੀ-ਪੀਰੀ ਦਾ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ** 2.
2. **ਕਥਾ ਬਾਰਹਮਾਹ - ਸਾਉਣ ਮਹੀਨਾ** 3.
   ਸੰਤ ਗਿਆਨੀ ਅਮੀਰ ਸਿੰਘ ਜੀ
3. **ਗੁਰਮਤਿ ਦਾ ਪੰਚਾਇਣਵਾਦ :** 8.
   ਪ੍ਰੋ. ਪਿਆਰਾ ਸਿੰਘ ਪਦਮ
4. **ਅਜੁਬ ਖਾਂ ਉਤੇ ਕਰਾਮਾਤ ਮੂਲਮੰਤਰ ਦੀ :** 16.
   ਡਾ. ਅਨੋਖ ਸਿੰਘ, ਬਠਿੰਡਾ
5. **ਸ਼ਬਦ ਅਤੇ ਅੰਤਹਕਰਣ : ਗੁਰਮਤਿ ਪਰਿਪੇਖ** 17.
   ਡਾ. ਗੁਲਜ਼ਾਰ ਸਿੰਘ ਕੰਗ
6. **ਆਦਰਸ਼ ਕੀਰਤਨੀਏ ਦੇ ਗੁਣ :** 24.
   ਸ. ਗੁਰਦੀਪ ਸਿੰਘ
7. **ਪੰਜਾਬ ਦੇ ਲੋਕਪ੍ਰਿਯ ਸਾਜ਼ - ਜਾਣ ਪਹਿਚਾਣ ਤੇ ਇਤਿਹਾਸ** 29.
8. **ਆਹਾਰ-ਵਿਹਾਰ :** 35.
   ਪਰਮਜੀਤ ਸਿੰਘ ਪੰਮੀ
9. **ਰਾਗ ਗੁਜਰੀ :** 37.
   ਪ੍ਰਿੰ. ਸੁਖਵੰਤ ਸਿੰਘ ਜੀ
10. **ਸਰਗਰਮੀਆਂ** 39.


ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ
ਸੰਪਾਦਕ :
**ਵਿਸਮਾਦੁ ਨਾਦ**
**ਗੁਰਦੁਆਰਾ ਗੁਰ ਗਿਆਨ ਪ੍ਰਕਾਸ਼**
ਜਵੱਦੀ ਟਕਸਾਲ, ਲੁਧਿਆਣਾ-141013, ਪੰਜਾਬ, ਭਾਰਤ
ਫੋਨ : 0161-2562596, 5108696, ਮੋਬਾਇਲ : 94170-44275
E-mail : jawaddi.taksal@gmail.com Website : www.jawadditaksal.org

ਇਸ ਮੈਗਜ਼ੀਨ ਵਿੱਚ ਛਪੇ ਲੇਖਾਂ ਅਤੇ ਰਚਨਾਵਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ, ਇਨ੍ਹਾਂ ਵਿਚਾਰਾਂ ਨਾਲ ਪ੍ਰਕਾਸ਼ਕ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ



# ਮੀਰੀ-ਪੀਰੀ ਦਾ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ

ਮੀਰੀ-ਸ਼ਕਤੀ, ਪੀਰੀ-ਭਗਤੀ ਯਾਨੀ ਭਗਤੀ ਤੇ ਸ਼ਕਤੀ ਦੋਵੇਂ ਇਕੱਠੀਆਂ ਤੁਰਨ, ਮਿਲਕੇ ਚਲਣ, ਇਹ ਗੁਰੂ ਨਾਨਕ ਦੇ ਘਰ ਦੀ ਵਿਲੱਖਣਤਾ ਹੈ। ਮੀਰੀ (ਸ਼ਕਤੀ) ਆਪ ਮੁਹਾਰੀ ਹੋਈ ਤਲਵਾਰ ਦਾ ਰੂਪ ਧਾਰਨ ਕਰਦੀ ਹੈ। ਪੀਰੀ ਦਾ ਕੁੰਡਾ ਇਸ ਉਪਰ ਹੋਣ ਕਾਰਨ ਇਹ ਕਿਰਪਾਨ ਬਣਦੀ ਹੈ। ਯਾਦ ਰੱਖਣਾ ਕਿਰਪਾਨ ਹਮੇਸ਼ਾਂ ਆਨ ਦੀ ਰੱਖਿਆ ਦੀ ਸੂਚਕ ਹੈ। ਸਤਿਗੁਰੂ ਹਰਿਗੋਬਿੰਦ ਸੱਚੇ ਪਾਤਸ਼ਾਹ ਜੀ ਨੇ ਮੀਰੀ-ਪੀਰੀ ਦੇ ਸਿਧਾਂਤ ਨੂੰ ਇੱਕ ਅਨੋਖੇ ਰੂਪ ਵਿੱਚ ਵਿਦਮਾਨ ਕੀਤਾ ਹੈ। ਪੀਰੀ ਦੇ ਸਾਏ ਹੇਠ ਮੀਰੀ ਜਦੋਂ ਕਿਰਿਆਸ਼ੀਲ ਹੁੰਦੀ ਹੈ ਤਾਂ ਉਹ ਜਗਤ ਦੀ ਭਲਾਈ ਹੀ ਕਰਦੀ ਹੈ। ਸੰਸਾਰ ਦੇ ਨਕਸ਼ੇ 'ਤੇ ਇਹ ਪਹਿਲੀ ਇਤਿਹਾਸਕ ਘਟਨਾ ਹੋਈ ਜਦੋਂ ਸਤਿਗੁਰਾਂ ਨੇ ਇਸ ਪਾਵਨ ਤਖ਼ਤ ਦੀ ਰਚਨਾ ਕਰਕੇ ਇਸਦਾ ਨਾਂ ਅਕਾਲ ਤਖ਼ਤ ਰੱਖਿਆ। ਜਿਸ ਤੋਂ ਭਾਵ ਪ੍ਰਮੇਸ਼ਵਰ ਦਾ ਤਖ਼ਤ। ਪ੍ਰਮੇਸ਼ਵਰ ਦੇ ਤਖ਼ਤ 'ਤੇ ਹਮੇਸ਼ਾਂ ਨਿਆਂ ਹੋਇਆ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਗਤੀ ਤੇ ਸ਼ਕਤੀ ਦੇ ਸੁਮੇਲ ਨੂੰ ਬਹੁਤ ਮਹੱਤਵ ਦਿੱਤਾ ਇਸੇ ਕਰਕੇ ਇਸ ਮਹਾਨ ਤਖ਼ਤ 'ਤੇ ਸ਼ਸਤਰ ਸੁਭਾਇਮਾਨ ਹੋਏ ਜੋ ਸ਼ਕਤੀ ਦਾ ਪ੍ਰਤੀਕ ਹਨ। ਪਰ ਨਾਲ-ਨਾਲ ਇਹ ਵੀ ਗੱਲ ਸਤਿਗੁਰੂ ਜੀ ਨੇ ਇਸ ਸਿਧਾਂਤ ਵਿੱਚ ਸਮਝਾਈ ਕਿ ਪੁਰਾਣੇ ਸਮੇਂ ਵਿੱਚ ਪ੍ਰਚੱਲਿਤ ਗਾਥਾ ਮੁਤਾਬਕ ਇੱਕ ਰਿਸ਼ੀ ਆਪਣੇ ਗਲ ਵਿੱਚ ਸ਼ਸਤਰ ਪਾਕੇ ਦੂਜੇ ਰਿਸ਼ੀ ਕੋਲ ਜਾਂਦਾ ਹੈ ਤੇ ਉਹ ਰਿਸ਼ੀ ਉਸ ਨੂੰ ਸ਼ਸਤਰਧਾਰੀ ਹੋਣ ਕਰਕੇ 'ਰਾਜ ਰਿਸ਼ੀ' ਕਹਿਕੇ ਸੰਬੋਧਤ ਹੁੰਦਾ ਹੈ। ਇਹ ਗੱਲ ਸੁਣਨ ਵਾਲਾ ਰਿਸ਼ੀ ਕ੍ਰੋਧਿਤ ਹੋ ਕੇ ਇਸਦਾ ਨੁਕਸਾਨ ਕਰਦਾ ਹੈ। ਮੁਕਦੀ ਗੱਲ ਕਈ ਵਾਰ ਜਾਣ ਤੋਂ ਬਾਅਦ ਉਸ ਰਿਸ਼ੀ ਨੇ ਇਕ ਦਿਨ ਇਸ ਰਿਸ਼ੀ ਨੂੰ 'ਬ੍ਰਹਮ ਰਿਸ਼ੀ' ਕਹਿ ਦਿੱਤਾ। ਉਸ ਰਿਸ਼ੀ ਨੇ ਭੋਲੇ ਭਾਅ ਕਿਹਾ ਅੱਜ ਅਪਣੇ ਨੁਕਸਾਨ ਤੋਂ ਡਰਦਿਆਂ ਰਾਜ ਰਿਸ਼ੀ ਤੋਂ ਬ੍ਰਹਮ ਰਿਸ਼ੀ ਕਹਿ ਦਿੱਤਾ ਹੈ ਤਾਂ ਉਸ ਰਿਸ਼ੀ ਨੇ ਕਿਹਾ ਕਿ ਅੱਜ ਬ੍ਰਹਮ ਰਿਸ਼ੀ ਇਸ ਕਰਕੇ ਕਿਹਾ ਹੈ ਕਿ ਤੁਹਾਡੇ ਗਲ ਵਿਚ ਸ਼ਸਤਰ ਨਹੀਂ। ਕਹਿਣ ਤੋਂ ਭਾਵ ਪੁਰਾਤਨ ਪ੍ਰਚੱਲਿਤ ਗਾਥਾ ਇਹ ਦਰਸਾਉਂਦੀ ਹੈ ਕਿ ਸ਼ਸਤਰ ਪਹਿਨਣ ਨਾਲ ਰਾਜ ਰਿਸ਼ੀ ਤਾਂ ਹੋ ਸਕਦਾ ਹੈ ਪਰ ਬ੍ਰਹਮ ਰਿਸ਼ੀ ਨਹੀਂ। ਪਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਨੂੰ ਉਲਟਾਉਂਦਿਆਂ ਹੋਇਆਂ ਇਸ ਤਖ਼ਤ ਦੀ ਸਿਰਜਣਾ ਕਰਕੇ ਆਪਣੇ ਗਲ ਵਿੱਚ ਦੋ ਤਲਵਾਰਾਂ ਪਹਿਨ ਕੇ ਇਸ ਗੱਲ ਨੂੰ ਸਮਝਾਇਆ ਕਿ ਸ਼ਸਤਰ ਪਹਿਨ ਕੇ ਸਿੱਖ, ਰਾਜ ਰਿਸ਼ੀ ਅਤੇ ਬ੍ਰਹਮ ਰਿਸ਼ੀ ਦੋਵਾਂ ਦਾ ਰੂਪ ਹੋ ਕੇ ਵਿਚਰੇਗਾ ਤੇ ਇਸ ਦੇ ਗਲ ਵਿੱਚ ਪਹਿਨੇ ਸ਼ਸਤਰ ਇਸਦੇ ਅੰਦਰਲੇ ਬ੍ਰਹਮ ਗਿਆਨ ਦੀ (ਸ਼ਕਤੀ ਦਾ) ਪ੍ਰਤੀਕ ਵੀ ਹੋਣਗੇ। ਇਸ ਕਰਕੇ ਇਹ ਤਖ਼ਤ ਮੀਰੀ ਪੀਰੀ ਦੇ ਸਿਧਾਂਤ ਦਾ ਜੱਗ ਤੋਂ ਨਿਵੇਕਲਾ, ਪਿਆਰਾ ਤੇ ਅਣਖ ਭਰੇ ਅਸਥਾਨ ਵਜੋਂ ਜਾਣਿਆ ਜਾਂਦਾ ਹੈ।

ਆਉ ! ਸ੍ਰੀ ਅਕਾਲ ਤਖ਼ਤ ਸਾਹਿਬ ਦੀ 400 ਸਾਲਾ ਸਥਾਪਨਾ ਸ਼ਤਾਬਦੀ ਮਨਾਉਂਦਿਆਂ ਪ੍ਰਣ ਕਰੀਏ ਕਿ ਇਸ ਮਹਾਨ ਤਖ਼ਤ ਦੀਆਂ ਮਹਾਨ ਪ੍ਰੰਪਰਾਵਾਂ ਨੂੰ ਆਪਣੇ ਜੀਵਨ ਵਿੱਚ ਪਾਲੀਏ ਤੇ ਇਸ ਦੇ ਭੈਅ ਭਾਵਨੀ, ਅਦਬ ਵਿੱਚ ਰਹਿ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਕਿਰਪਾ ਦੇ ਪਾਤਰ ਬਣੀਏ।

# ਕਥਾ ਵੀਚਾਰ ਸਾਉਣ ਮਹੀਨਾ

ਸੰਤ ਗਿਆਨੀ ਅਮੀਰ ਸਿੰਘ ਜੀ

ੴ ਸਤਿਗੁਰ ਪ੍ਰਸਾਦਿ

**ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥**
**ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥**
**ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥**
**ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥**
**ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥**
**ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥**
**ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ॥**
**ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰ॥**
**ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥੬॥** **(ਅੰਗ ੧੩੩)**

ਸਾਵਣ ਦੇ ਮਹੀਨੇ ਲਬਾ-ਲਬ ਪਾਣੀ ਨਾਲ ਭਰੇ ਹੋਏ ਟੋਏ ਤੇ ਚਾਰ ਚੁਫੇਰੇ ਹਰੀ-ਭਰੀ ਬਨਸਪਤੀ, ਅਸਮਾਨ ਤੇ ਛਾਏ ਹੋਏ ਕਾਲੇ ਬੱਦਲ, ਮਨਮੋਹਕ ਦ੍ਰਿਸ਼ ਪੇਸ਼ ਕਰਦੇ ਹਨ। ਆਸਾੜ੍ਹ ਦੇ ਮਹੀਨੇ ਦੀ ਤੇਜ਼ ਤਪਸ਼ ਤੋਂ ਬਾਅਦ ਸਾਉਣ ਦਾ ਮਹੀਨਾ ਠੰਡਕ ਪ੍ਰਦਾਨ ਕਰਦਾ ਹੈ। ਗੁਰੂ ਸਾਹਿਬ ਨੇ ਇਸ ਮਹੀਨੇ ਵਿੱਚ ਆਖਿਆ ਹੈ ਕਿ ਸਉਣ ਦਾ ਮਹੀਨਾ ਜਿੱਥੇ ਕੁਝ ਜੀਵਾਂ ਲਈ ਚੰਗਾ ਹੈ ਉਥੇ ਕੁਝ ਲਈ ਇਹ ਦੁੱਖ ਦਾ ਰੂਪ ਵੀ ਬਣਦਾ ਹੈ। ਇਸ ਪ੍ਰਥਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਦੋ ਪ੍ਰਮਾਣ ਦਰਜ ਹਨ :-

**ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ॥**
**ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ॥** **(ਅੰਗ ੧੨੭੯)**

ਸਾਉਣ ਦੇ ਮਹੀਨੇ ਦਾ ਵਰ੍ਹਨਾ ਨਾਗਾਂ ਲਈ, ਹਿਰਨਾਂ ਲਈ, ਮੱਛੀਆਂ ਲਈ ਤੇ ਮਾਇਆਧਾਰੀ ਬੰਦਿਆਂ ਲਈ ਕੋਈ ਖਾਸ ਹੀ ਸੁਖਦਾਈ ਹੁੰਦਾ ਹੈ। ਦੂਸਰਾ ਪ੍ਰਮਾਣ :-

**ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ॥**
**ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ॥** **(ਅੰਗ ੧੨੭੯)**

ਭਾਵ ਸਾਉਣ ਦਾ ਮਹੀਨਾ ਜਿੱਥੇ ਨਾਗਾਂ, ਮੱਛੀਆਂ, ਹਿਰਨਾਂ ਤੇ ਧਨਵਾਨ ਬੰਦਿਆਂ ਲਈ ਸੁਖਦਾਈ ਹੈ ਉਥੇ ਗਾਂ ਦੇ ਵਛੜਿਆਂ ਲਈ, ਗਰੀਬ ਬੱਚਿਆਂ ਲਈ, ਅਸਮਾਨ 'ਚ ਉਡੱਣ ਵਾਲੇ ਪੰਛੀਆਂ ਤੇ ਕਿਸੇ ਦੇ ਘਰ ਵਿੱਚ ਮਜ਼ਦੂਰੀ ਕਰ ਰਹੇ ਮਜ਼ਦੂਰ ਲਈ ਬੜਾ ਦੁਖਦਾਈ ਹੁੰਦਾ ਹੈ। ਇਹ ਤਾਂ ਇਸ ਮਹੀਨੇ ਦੇ ਬਾਹਰੀ ਪ੍ਰਭਾਵ ਹਨ ਪਰ ਇਹ ਮਹੀਨਾ ਪ੍ਰਭੂ ਪਿਆਰ ਵਿੱਚ ਭਿੱਜੀਆਂ ਜੀਵ ਇਸਤਰੀਆਂ ਲਈ ਆਪਣੇ ਤਨ ਮਨ ਨੂੰ ਹੋਰ ਵਧੇਰੇ ਪ੍ਰਭੂ ਪਿਆਰ ਵਿੱਚ ਭਰਪੂਰ ਕਰਨ ਲਈ ਉਤਸ਼ਾਹਿਤ ਕਰਦਾ ਹੈ ਕਿਉਂਕਿ 'ਬਲਿਹਾਰੀ ਕੁਦਰਤਿ ਵਸਿਆ' ਦਾ ਨਿਯਮ ਰੂਹਾਨੀ ਦੁਨੀਆਂ ਵਿੱਚ ਬੜਾ ਅਹਿਮ ਹੈ। ਕੁਦਰਤ ਵਿੱਚ ਖੇੜਾ ਮਨ ਨੂੰ ਖਿੜਨ ਲਈ ਪ੍ਰੇਰਿਤ ਕਰਦਾ ਹੈ।

ਅੱਜ ਦੇ ਇਸ ਪਵਿੱਤਰ ਬਚਨ ਰਾਹੀਂ ਧੰਨ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਉਨ੍ਹਾਂ ਮਾਨਸਿਕ ਤੇ ਖਿੜੀਆਂ ਤੇ ਭਰਪੂਰ ਇਸਤਰੀਆਂ ਦੀ ਵਿਚਾਰ ਕਰਦਿਆਂ ਉਹ ਦ੍ਰਿੜ ਕਰਵਾਉਂਦੇ ਹਨ ਕਿ ਪ੍ਰਭੂ ਪਿਆਰ ਵਿੱਚ ਭਿੱਜੀਆਂ ਲਈ ਦੁਨੀਆਂ ਦੇ ਰੰਗ ਤਮਾਸ਼ੇ ਸਭ ਵਿਅਰਥ ਹੋ ਜਾਂਦੇ ਹਨ ਤੇ ਉਹ ਹਮੇਸ਼ਾਂ ਪ੍ਰਭੂ ਪਿਆਰ ਦੀਆਂ ਪੀਂਘਾਂ ਹੀ ਝੂਟਦੀਆਂ ਹਨ। ਸ਼ਬਦ ਦੇ ਆਰੰਭ ਵਿੱਚ



ਸਤਿਗੁਰ ਫੁਰਮਾਨ ਕਰਦੇ ਨੇ :-

**ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥**
**ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥**

**ਅਰਥ** : ਸਾਵਣ ਦੇ ਮਹੀਨੇ ਰਾਹੀਂ ਸਤਿਗੁਰ ਜੀ ਕਹਿੰਦੇ ਨੇ ਉਹ ਜੀਵ ਇਸਤਰੀਆਂ ਰਸ ਭਰਪੂਰ ਹੋ ਗਈਆਂ ਜਿਨ੍ਹਾਂ ਦਾ ਉਸ ਪ੍ਰਭੂ ਦੇ ਚਰਨ ਕਮਲਾਂ ਨਾਲ ਪਿਆਰ ਬਣ ਗਿਆ। ਉਨ੍ਹਾਂ ਦਾ ਮਨ ਤੇ ਤਨ ਪ੍ਰਮੇਸ਼ਵਰ ਦੇ ਅਬਿਨਾਸ਼ੀ ਰੰਗ ਵਿੱਚ ਰੰਗਿਆ ਗਿਆ। ਉਨ੍ਹਾਂ ਦੀ ਜ਼ਿੰਦਗੀ ਦਾ ਪ੍ਰਭੂ ਨਾਮ ਹੀ ਇੱਕ ਆਧਾਰ ਬਣਿਆ।

ਮਨੁੱਖ ਜ਼ਿੰਦਗੀ ਵਿੱਚ ਅਨੇਕਾਂ ਰਸ-ਕਸ ਮਾਣਦਾ ਹੋਇਆ ਹਮੇਸ਼ਾਂ ਹੀ ਬੇ-ਰਸ ਰਹਿੰਦਾ ਹੈ ਅਤੇ ਉਸ ਦਾ ਜੀਵਨ ਮਾਇਆ ਦੀ ਜਕੜ ਵਿੱਚ ਪੈ ਕੇ ਪ੍ਰਭੂ ਨਾਮ ਵੱਲੋਂ ਕੋਰਾ ਰਹਿੰਦਾ ਹੈ। ਸਤਿਗੁਰ ਪਾਤਸ਼ਾਹ ਜੀ ਨੇ ਗੁਰਬਾਣੀ ਵਿੱਚ ਫੁਰਮਾਨ ਕੀਤਾ ਹੈ :-

**ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥**
**ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥**
**ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥੨॥** **(ਅੰਗ ੧੫)**

ਭਾਵ ਜ਼ਿੰਦਗੀ ਉਪਰੋਕਤ ਰਸਾਂ ਨੂੰ ਭੋਗਦੀ ਹੋਈ ਹਮੇਸ਼ਾਂ ਪ੍ਰਭੂ ਪਿਆਰ ਵੱਲੋਂ ਬੇ-ਰਸੀ ਰਹਿੰਦੀ ਹੈ, ਕਿਉਂ? ਇਸ ਦਾ ਜਵਾਬ ਅਧਿਆਤਮ ਮੰਡਲ ਵਿੱਚ ਉਡਾਰੀਆਂ ਮਾਰਨ ਵਾਲੇ ਸਤਿਪੁਰਸ਼ ਦਿੰਦੇ ਹਨ ਕਿ ਸੰਸਾਰੀ ਪਦਾਰਥ, ਰਸ-ਕਸ ਇਸ ਜੀਵ ਦਾ ਮੂਲ ਨਹੀਂ ਹਨ। ਇਸ ਦਾ ਮੂਲ ਤਾਂ ਪ੍ਰਭੂ ਦੇ ਚਰਨ ਹੀ ਹਨ ਕਿਉਂਕਿ ਸੁਭਾਵਿਕ ਹੈ ਆਪਣੇ ਮੂਲ ਤੋਂ ਦੂਰ ਰਹਿ ਕੇ ਇਸਦੇ ਵਿੱਚ ਰਸ ਕਿਵੇਂ ਆਵੇ? ਇਸਦਾ ਮਰਕਜ਼ ਤਾਂ ਪ੍ਰਮੇਸ਼ਵਰ ਹੈ ਜਿਸਦੇ ਨਾਲ ਜੁੜਿਆਂ ਇਹ ਹਮੇਸ਼ਾਂ ਹੀ ਖੁਸ਼ਹਾਲ ਤੇ ਖੇੜੇ ਵਿੱਚ ਰਹਿੰਦਾ ਹੈ। ਸਾਉਣ ਦੇ ਮਹੀਨੇ ਰਾਹੀਂ ਸ਼ਬਦ ਦੇ ਦੂਸਰੇ ਬੰਦ ਵਿੱਚ ਗੁਰੂ ਅਰਜਨ ਸਾਹਿਬ ਜੀ ਕਿਰਪਾ ਕਰਦੇ ਨੇ :-

**ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥**
**ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥**

**ਅਰਥ** : ਪ੍ਰਭੂ ਰੰਗ ਵਿੱਚ ਰੰਗੀ ਹੋਈ ਜੀਵ ਇਸਤਰੀ ਨੂੰ ਮਾਇਆ ਦੇ ਸਾਰੇ ਰੰਗ ਝੂਠੇ ਲਗਦੇ ਹਨ ਅਤੇ ਅੰਤ ਨੂੰ ਖ਼ਤਮ/ਸੁਆਹ ਹੋਣ ਵਾਲੇ ਨਜ਼ਰ ਆਉਂਦੇ ਹਨ। ਪ੍ਰਭੂ ਦੇ ਨਾਮ ਦੀ ਬੂੰਦ ਜਿਹੜੀ ਅੰਮ੍ਰਿਤ ਭਰਪੂਰ ਹੈ, ਮਿੱਠੀ ਹੈ, ਸੁਹਾਵਣੀ ਹੈ ਉਹ ਬੂੰਦ ਸਾਧੂ ਦੀ ਸੰਗਤ ਤੇ ਗੁਰੂ ਦੀ ਰਹਿਮਤ ਦੁਆਰਾ ਪ੍ਰਾਪਤ ਹੁੰਦੀ ਹੈ। ਮਾਇਆ ਦੀ ਚਮਕ ਦਮਕ ਛਿਣ-ਭੰਗਰ ਹੈ ਇਸਦੇ ਪ੍ਰਭਾਵ ਥੱਲੇ ਆ ਕੇ ਜੀਵਨ ਜੀਉਣਾ ਇਹ ਤਾਂ ਜੀਵਨ ਨਾਲ ਧੋਖਾ ਕਰਨ ਵਾਲੀ ਗੱਲ ਹੈ ਵੈਸੇ ਸਤਿਗੁਰਾਂ ਨੇ ਬਾਣੀ ਵਿੱਚ ਇਹ ਸਪਸ਼ਟ ਤੌਰ ਤੇ ਦੱਸਿਆ ਹੈ ਕਿ ਜੋ ਕੁਝ ਵੀ ਇਨ੍ਹਾਂ ਅੱਖਾਂ ਨਾਲ ਨਜ਼ਰ ਆ ਰਿਹਾ ਹੈ ਇਹ ਸਭ ਕੂੜ ਦਾ ਹੀ ਪਸਾਰਾ ਹੈ। ਜਿਵੇਂ ਕਿ ਆਪਾਂ ਪੜ੍ਹਦੇ ਹਾਂ :

**ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥**
**ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥**
**ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਣਹਾਰੁ॥**
**ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥**
**ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥**
**ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥**
**ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥**

**ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥**
**ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥੧॥ (ਅੰਗ ੪੬੮)**

ਤਾਂ ਫਿਰ ਐਸੇ ਕੂੜ ਪਸਾਰੇ ਨਾਲ ਮਾਇਆ ਰੂਪੀ ਬਿਖਿਆ (ਜ਼ਹਿਰ) ਨਾਲ ਪ੍ਰਭੂ ਨਾਮ ਵਿੱਚ ਜੁੜੀਆਂ ਲਈ ਕਿਵੇਂ ਸੁਹਾਵਣਾ ਹੋ ਸਕਦਾ ਹੈ ਕਿਉਂਕਿ ਬਿਖਿਆ (ਮਾਇਆ) ਵਿੱਚ ਤ੍ਰਿਪਤੀ ਨਹੀਂ, ਟਿਕਾਅ ਨਹੀਂ ਹੈ। ਜਿਵੇਂ ਸਤਿਗੁਰ ਇਕ ਥਾਂ ਇਸ ਤਰ੍ਹਾਂ ਵੀ ਫੁਰਮਾਉਂਦੇ ਨੇ :-

**ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ॥**
**ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ॥ਰਹਾਉ॥ (ਅੰਗ ੬੭੨)**

ਸ਼ਬਦ ਦੇ ਦੂਸਰੇ ਬੰਦ ਵਿੱਚ ਗੁਰੂ ਸਾਹਿਬ ਕ੍ਰਿਪਾ ਕਰਦੇ ਨੇ :-

**ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥**
**ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥**

**ਅਰਥ** : ਬਨਸਪਤੀ ਦੀ ਹਰਿਆਵਲ ਤੇ ਚੁਫੇਰੇ ਨਜ਼ਰ ਆਉਂਦਾ ਖੇੜਾ ਇਹ ਸਭ ਉਸ ਪ੍ਰਭੂ ਪ੍ਰਮੇਸ਼ਵਰ ਦੀ ਹੋਂਦ ਦਾ ਪ੍ਰਤੱਖ ਲਖਾਇਕ ਹੈ ਜੋ ਪ੍ਰਮੇਸ਼ਵਰ ਸਰਬ ਕਲਾ ਸਮਰੱਥ ਤੇ ਸ਼ਕਤੀਮਾਨ ਹੈ। ਐਸੇ ਸਮਰੱਥ ਪੁਰਖ ਨੂੰ, ਹਰੀ ਪ੍ਰਮੇਸ਼ਵਰ ਨੂੰ ਮਿਲਣ ਲਈ ਮਨ ਬੜੀਆਂ ਲੋਚਾਂ ਲੋਚਦਾ ਹੈ ਪਰ ਉਸ ਦੀ ਪ੍ਰਾਪਤੀ ਉਸ ਦੀ ਮਿਹਰ ਤੋਂ ਬਿਨਾਂ ਨਹੀਂ। ਪ੍ਰਭੂ ਪ੍ਰਮੇਸ਼ਵਰ ਇਸ ਸ੍ਰਿਸ਼ਟੀ ਵਿੱਚ ਵਿਦਮਾਨ ਹੈ ਜਾਂ ਇਉਂ ਕਹਿ ਲਉ ਜਗਤ ਦੀ ਹੋਂਦ ਉਸ ਪ੍ਰਮੇਸ਼ਵਰ ਕਰਕੇ ਹੀ ਹੈ। ਉਸ ਤੋਂ ਬਾਹਰ ਕੋਈ ਨਹੀਂ। ਆਸਾ ਜੀ ਦੀ ਵਾਰ ਵਿੱਚ ਜਿੱਥੇ ਸਤਿਗੁਰ ਜੀ ਨੇ ਇਸ ਸੰਸਾਰ ਨੂੰ ਵਿਸ਼ ਆਖਿਆ ਹੈ ਉਥੇ ਇਸ ਸੰਸਾਰ ਵਿੱਚ ਹੋ ਰਹੀ ਕਿਰਿਆ, ਹੋ ਰਹੇ ਬਦਲਾਉ ਦੇ ਪਿੱਛੇ ਉਸ ਪ੍ਰਭੂ ਦੀ ਅਗੰਮੀ ਸ਼ਕਤੀ ਹੀ ਬਰਕਰਾਰ ਹੈ। ਇਉਂ ਸਤਿਗੁਰ ਜੀ ਨੇ ਆਖਿਆ ਹੈ ਇਹ ਜਗਤ ਉਸ ਸੱਚੇ ਪ੍ਰਮੇਸ਼ਵਰ ਦੀ ਕੋਠੀ ਹੈ। ਇਸ ਕੋਠੀ ਵਿੱਚ ਉਸ ਸੱਚੇ ਦਾ ਵਾਸਾ ਹੈ, ਕਈਆਂ ਨੂੰ ਆਪਣੀ ਮਿਹਰ ਕਰਕੇ ਆਪਣੇ ਹੁਕਮ ਵਿੱਚ, ਆਪਣੇ ਚਰਨਾਂ ਨਾਲ ਜੋੜਦਾ ਹੈ ਅਤੇ ਕਈ ਉਸ ਦੇ ਹੁਕਮ ਤੋਂ ਬਾਹਰ ਹੋ ਕੇ ਵਿਨਾਸ਼ ਹੋ ਰਹੇ ਹਨ। ਕਈਆਂ ਨੂੰ ਆਪਣੀ ਕਿਰਪਾ ਬਖ਼ਸ਼ਿਸ਼ ਕਰਕੇ ਮਾਇਆ ਦੇ ਚੱਕਰਾਂ ਵਿੱਚੋਂ ਕੱਢ ਵੀ ਲੈਂਦਾ ਹੈ।

**ਇਹੁ ਜਗ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥**
**ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ॥**
**ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ॥**
**ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ॥**
**ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ॥੩॥ (ਅੰਗ ੪੬੩)**

ਰਹੀ ਗੱਲ ਐਸੇ ਸਰਬ ਕਲਾ ਸਮਰੱਥ ਪ੍ਰਭੂ ਦੇ ਮਿਲਾਪ ਦੀ ਇਹ ਵੀ ਸਤਿਗੁਰਾਂ ਨੇ ਉਪਰੋਕਤ ਬੰਦ ਵਿੱਚ ਸਪੱਸ਼ਟ ਕੀਤਾ ਹੈ। ਹਰ ਕੋਈ ਉਸ ਨੂੰ ਮਿਲਣ ਲਈ ਲੋਚਦਾ ਹੈ। ਯੋਗੀ ਯੋਗ ਕਿਰਿਆ ਰਾਹੀਂ, ਤਪੀਸ਼ਵਰ ਤਪ ਰਾਹੀਂ, ਸੰਨਿਆਸੀ ਸੰਨਿਆਸ ਰਾਹੀਂ ਉਸਦੇ ਕੋਲ ਪਹੁੰਚਣ ਲਈ ਯਤਨਸ਼ੀਲ ਹੋ ਰਹੇ ਹਨ ਪਰ ਮਿਲਾਪ ਉਸ ਦੀ ਰਹਿਮਤ ਤੋਂ ਬਿਨਾਂ ਕਦੀ ਨਹੀਂ ਹੋਇਆ। ਜਿਸ 'ਤੇ ਉਸਦੀ ਬਖ਼ਸ਼ਿਸ਼ ਦਾ ਹੱਥ ਹੈ ਉਸ ਨੂੰ ਹੀ ਉਹ ਮਿਲਿਆ ਹੈ। ਸੋ ਸਪੱਸ਼ਟ ਹੈ ਉਸ ਦੀ ਕਿਰਪਾ ਰੂਹਾਨੀ ਦੁਨੀਆਂ ਵਿੱਚ ਬੜੀ ਅਹਿਮ ਥਾਂ ਰੱਖਦੀ ਹੈ, ਗੁਰੂ ਸਾਹਿਬ ਕਹਿੰਦੇ ਨੇ ਨਾ :-

**ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥**
**ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ॥੧॥ (ਅੰਗ ੮੩)**

ਪਰ ਮੈਂ ਇੱਥੇ ਇਹ ਵੀ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਉਸ ਰੱਬੀ ਕਿਰਪਾ ਦਾ ਅਰਥ



ਹੱਥ ਤੇ ਹੱਥ ਧਰ ਕੇ ਬੈਠਣਾ ਤੇ ਬੈਠ ਜਾਣਾ, ਇਹ ਨਹੀਂ ਲੈਣਾ। ਰੱਬ ਕਿਰਪਾ ਪ੍ਰਾਪਤੀ ਲਈ ਉੱਦਮ ਵੀ ਇੱਕ ਅਹਿਮ ਅੰਗ ਹੈ ਤਾਂ ਹੀ ਤਾਂ ਸਤਿਗੁਰ ਜੀ ਨੇ ਗੁਰਸਿੱਖ ਨੂੰ ਉੱਦਮ ਕਰਨ ਲਈ ਹਮੇਸ਼ਾਂ ਪ੍ਰੇਰਿਤ ਕੀਤਾ ਹੈ :-

**ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥**
**ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥੧॥ (ਅੰਗ ੫੨੨)**

ਉੱਦਮੀ ਜੀਵਨ ਹੀ ਕਿਰਪਾ ਦੀ ਪਉੜੀ ਤੇ ਚੜ੍ਹਦਾ ਹੈ ਤਾਂ ਹੀ ਤਾਂ ਭਗਤ ਕਬੀਰ ਸਾਹਿਬ ਕਹਿੰਦੇ ਨੇ :-

**ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ॥**
**ਜਾ ਕੇ ਸੰਗ ਬੀਛੁਰਾ ਤਾ ਹੀ ਕੇ ਸੰਗਿ ਲਾਗੁ॥੧੨੯॥ (ਅੰਗ ੧੩੭੧)**

ਸਪੱਸ਼ਟ ਹੈ ਉਸ ਕਰਤਾ ਪੁਰਖ ਵਾਹਿਗੁਰੂ ਜਿਸ ਦੀ ਸੱਤ੍ਹਾ ਜ਼ਰੇ-ਜ਼ਰੇ ਵਿੱਚ ਆਪਣਾ ਜਲੌਅ ਬਿਖੇਰ ਰਹੀ ਹੈ ਉਸ ਨਾਲ ਉਸਦਾ ਮਿਲਾਪ ਉਸਦੀ ਕਿਰਪਾ ਤੋਂ ਬਿਨਾਂ ਸੰਭਵ ਨਹੀਂ। ਇਹ ਕਿਰਿਆ ਉੱਦਮ ਤੋਂ ਬਿਨਾਂ ਸੰਭਵ ਨਹੀਂ।

ਸ਼ਬਦ ਦੀਆਂ ਚੌਥੀਆਂ ਪੰਕਤੀਆਂ ਵਿੱਚ ਗੁਰੂ ਅਰਜਨ ਸਾਹਿਬ ਕਿਰਪਾ ਕਰਦੇ ਨੇ :-

**ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ॥**
**ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰ॥**

**ਅਰਥ** : ਸਤਿਗੁਰ ਜੀ ਕਹਿੰਦੇ ਨੇ ਐ ਸਖੀਏ ! ਜਿਨ੍ਹਾਂ ਉਸ ਪ੍ਰਭੂ ਪਿਆਰੇ ਨੂੰ ਪਾ ਲਿਆ ਹੈ ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ। ਐ ਪ੍ਰਭੂ ਜੀ ! ਮੇਰੇ ਉਤੇ ਦਇਆ ਕਰੋ ਮੈਨੂੰ ਆਪਣੇ ਸ਼ਬਦ ਰਾਹੀਂ ਸੁਆਰ ਲਵੋ। ਜੀਵ ਅਨੰਤ ਕਾਲ ਤੋਂ ਪ੍ਰਭੂ ਪ੍ਰਾਪਤੀ ਲਈ ਯਤਨਸ਼ੀਲ ਰਿਹਾ ਹੈ। ਕਈ ਜਨਮਾਂ ਦੀਆਂ ਟੇਢੀਆਂ ਮੇਢੀਆਂ ਜੂਨੀਆਂ ਨੂੰ ਭੋਗਦਾ, ਖੇਡਾਂ ਖੇਡਦਾ ਹੋਇਆ ਮਨੁੱਖਾ ਜਨਮ ਤੱਕ ਪਹੁੰਚਿਆ ਹੈ ਜਿਸ ਜੀਵਨ ਵਿੱਚ ਪ੍ਰਭੂ ਪ੍ਰਾਪਤੀ ਦੀ ਸੌ ਪ੍ਰਤੀਸ਼ਤ ਸੰਭਾਵਨਾ ਮੌਜੂਦ ਸੀ ਪਰ ਇਸ ਨੇ ਉਸ ਸਰੀਰ ਵਿੱਚ ਆ ਕੇ ਵੀ ਕੁਝ ਵੀ ਖੱਟਿਆ ਨਹੀਂ, ਨਤੀਜਾ ਇਹ ਹੋਇਆ ਰਾਤ ਸੌਂ ਕੇ, ਦਿਨ ਖਾ ਪੀ ਕੇ, ਗਵਾ ਦਿੱਤਾ। ਰਤਨਾਂ ਵਰਗਾ ਮਨੁੱਖਾ ਜੀਵਨ ਕੋਡੀਆਂ ਦੇ ਭਾਅ ਗਵਾ ਲਿਆ :-

**ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥**
**ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥੧॥ (ਅੰਗ ੧੫੬)**

ਮਨੁੱਖਾ ਜੀਵਨ ਵਿੱਚ ਪ੍ਰਭੂ ਦੀ ਨੇੜਤਾ ਅਤਿ ਕਰੀਬੀ ਹੈ। ਪਰ ਮਨੁੱਖ ਇਸ ਵਿੱਚ ਰਹਿ ਕੇ ਪ੍ਰਭੂ ਚਰਨਾਂ ਨਾਲ ਜੁੜ ਕੇ ਚੁਰਾਸੀ ਤੋਂ ਮੁਕਤ ਵੀ ਹੋ ਸਕਦਾ ਸੀ ਪਰ ਉਪਰੋਕਤ ਦੱਸਣ ਮੁਤਾਬਿਕ ਇਹ ਇਸ ਗੱਲ ਤੋਂ ਅਵੇਸਲਾ ਰਹਿ ਕੇ ਜਗਤ ਤੋਂ ਦੋਵੇਂ ਹੱਥ ਝਾੜ ਕੇ ਚਲਾ ਗਿਆ।

ਸਤਿਪੁਰਸ਼ ਇਸ ਗੱਲ ਨੂੰ ਸਮਝਾਉਣ ਲਈ ਇੱਕ ਦ੍ਰਿਸ਼ਟਾਂਤ ਦਿੰਦੇ ਨੇ ਸੁਣੋ :-

ਕਿ ਇੱਕ ਮਨੁੱਖ ਜੋ ਨੇਤਰਹੀਣ ਹੈ ਉਸ ਨੂੰ ਇੱਕ ਐਸੇ ਵੱਡੇ ਮਕਾਨ ਵਿੱਚ ਵਾੜ ਦਿੱਤਾ ਗਿਆ ਜਿਸ ਦਾ ਦਰਵਾਜ਼ਾ ਇੱਕੋ ਹੀ ਹੈ ਤੇ ਉਸ ਕਮਰੇ ਵਿੱਚ ਅੰਧੇਰ ਹੀ ਅੰਧੇਰ ਹੈ। ਇੱਕ ਕਮਰੇ ਦਾ ਹਨੇਰਾ ਦੂਜਾ ਜੋਤਿ ਹੀਣ ਮਨੁੱਖ ਬਾਹਰ ਨਿਕਲਣ ਲਈ ਤਰਲੇ ਲੈਂਦਾ ਹੈ, ਪਰ ਸੁਝਦਾ ਕੁਝ ਵੀ ਨਹੀਂ। ਕਿਸੇ ਨੇ ਆਵਾਜ਼ ਮਾਰੀ ਕਿ ਤੂੰ ਇਸ ਕਮਰੇ ਦੀ ਕੰਧ ਨੂੰ ਟੋਂਹਦਾ-ਟੋਂਹਦਾ ਦਰਵਾਜ਼ਾ ਲੱਭ ਕੇ ਬਾਹਰ ਆ ਸਕਦਾ ਹੈਂ। ਉਸ ਨੇ ਐਸਾ ਹੀ ਕੀਤਾ। ਕੰਧ ਨੂੰ ਟੋਂਹਦਾ-ਟੋਂਹਦਾ ਜਦੋਂ ਕੰਧ ਕੋਲ ਪਹੁੰਚਿਆ ਸੁਭਾਵਿਕ ਉਸਦੀ ਗਰਦਨ ਉਤੇ ਖਾਰਸ਼ ਹੋਈ, ਉਹਨੇ ਕੰਧ ਨਾਲੋਂ ਹੱਥ ਚੁੱਕਿਆ, ਖਾਰਸ਼ ਕਰਨੀ ਸ਼ੁਰੂ ਕੀਤੀ ਤੇ ਨਾਲ ਤੁਰਨਾ ਵੀ ਜ਼ਾਰੀ ਰੱਖਿਆ ਇਸ ਕਿਰਿਆ ਵਿੱਚ ਦਰਵਾਜ਼ਾ ਨਿਕਲ ਗਿਆ। ਫਿਰ ਮਕਾਨ ਦੇ ਅੰਦਰਲਾ ਨਵਾਂ ਗੇੜ ਸ਼ੁਰੂ ਹੋ ਗਿਆ। ਦ੍ਰਿਸ਼ਟਾਂਤ ਬੜੇ ਕਮਲਾ ਦਾ

ਹੈ। ਇਕ ਮਨੁੱਖ ਜੀਵਨ ਲੈ ਕੇ, ਮਨੁੱਖਾ ਸਰੀਰ ਲੈ ਕੇ ਮਾਇਆ ਵਿੱਚ ਲੀਨ ਹੋ ਕੇ ਪ੍ਰਭੂ ਚਰਨਾਂ ਤੋਂ ਦੂਰ ਹੀ ਰਿਹਾ। ਇਉਂ ਚੁਰਾਸੀ ਦੇ ਗੇੜ ਵਿੱਚ ਇਹ ਮਨੁੱਖਾ ਸਰੀਰ ਲੈਣ ਤੋਂ ਬਾਅਦ ਵੀ ਮੁਕਤ ਨਾ ਹੋਇਆ। ਮਨੁੱਖਾ ਸਰੀਰ ਦੀ ਉਤੱਮਤਾ ਸਾਰੀਆਂ ਜੂਨਾਂ ਦੇ ਸਰੀਰ ਨਾਲੋਂ ਇਸੇ ਕਰਕੇ ਵਧੇਰੇ ਹੈ ਕਿ ਇਸ ਸਰੀਰ ਵਿੱਚ ਰਹਿ ਕੇ ਜੀਵ ਪ੍ਰਭੂ ਦੀ ਕਾਰ ਕਮਾ ਕੇ ਪ੍ਰਭੂ ਚਰਨਾਂ ਨਾਲ ਜੁੜ ਸਕਦਾ ਹੈ। ਭਾਈ ਗੁਰਦਾਸ ਜੀ ਇਥੋਂ ਤੱਕ ਕਹਿੰਦੇ ਨੇ ਕਿ ਭਾਵੇਂ ਸਰੀਰ ਦੁੱਖਾਂ, ਰੋਗਾਂ, ਝੋਰੇ ਤੇ ਚਿੰਤਾਵਾਂ ਵਿੱਚ ਲੀਨ ਰਹਿੰਦਾ ਹੈ ਪਰ ਇਸਲਾਮ ਦੇ ਬਾਗ-ਏ-ਫਿਰਦੋਸ, ਦੱਸੇ ਹੋਏ ਸਵਰਗਾਂ ਤੋਂ ਫਿਰ ਵੀ ਉਤੱਮ/ਸ੍ਰੇਸ਼ਠ ਹੈ। ਇਸ ਕਰਕੇ ਉਹ ਕਹਿੰਦੇ ਹਨ ਕਿ ਮੈਨੂੰ ਮੁਕਤੀ ਨਾਲੋਂ ਮਨੁੱਖਾਂ ਸਰੀਰ ਵਾਰ-ਵਾਰ ਪ੍ਰਾਪਤ ਹੋਵੇ ਤਾਂ ਕਿ ਮੈਂ ਪ੍ਰਭੂ ਦੇ ਗੁਣ ਵਾਰ-ਵਾਰ ਗਾ ਕੇ ਉਸਦੇ ਚਰਨਾਂ ਵਿੱਚ ਲੀਨ ਹੋ ਜਾਵਾਂ। ਉਨ੍ਹਾਂ ਨੇ ਇਸ ਕਬਿੱਤ ਵਿੱਚ ਤਿੰਨ ਉਦਾਹਰਣਾਂ ਦਿੱਤੀਆਂ ਹਨ :-

**ਖੁਲੇ ਸੇ ਬੰਧਨ ਬਿਖੇ ਚਕਵੀ ਭਲੀ ਸੁਜਾ ਤੇ।**
**ਰਾਮ ਰੇਖ ਮੇਟ ਨਿਸ ਪ੍ਰਿਯ ਸੰਗ ਪਾਵਈ॥**
**ਖੁਲੇ ਸੇ ਬੰਨੇ ਬਿਖੇ ਭਲੇ ਹੈ ਸੰਚਾਨੇ ਜਾ ਤੇ ਜੀਵ ਘਾਤ।**
**ਕਰੇ ਨਾ ਬਿਕਾਰ ਹੋਇ ਆਵਈ॥**
**ਖੁਲੇ ਸੇ ਬੰਧਨ ਬਿਖੇ ਭਲੋ ਹੈ ਸੂਆ ਪ੍ਰਸਿਧ।**
**ਕਬਹੂੰ ਕੇ ਰਾਮ ਨਾਮ ਹੋਇ ਲਿਵ ਲਾਵਈ॥**
**ਮੋਖ ਪਦਵੀ ਸੇ ਤੈਸੇ ਮਾਨਸੁ ਜਨਮ ਭਲੋ।**
**ਕਬਹੂੰ ਕੇ ਸਾਧ ਸੰਗ ਹੋਇ ਪ੍ਰਭ ਧਿਆਵਈ॥**

ਖੁੱਲ੍ਹੇ ਹੋਏ ਚਕਵੀ ਚਕਵੇ ਨਾਲੋਂ ਪਿੰਜਰੇ ਵਿੱਚ ਪਿਆਂ ਚਕਵੀ ਚਕਵਾ ਚੰਗਾ ਹੈ, ਕਿਉਂਕਿ ਇਸ ਨਾਲ ਸ੍ਰੀ ਰਾਮ ਚੰਦਰ ਜੀ ਦਾ ਸਰਾਪ ਮਿਟ ਜਾਂਦਾ ਹੈ। ਖੁੱਲ੍ਹੇ ਹੋਏ ਬਾਜ਼ ਨਾਲੋਂ ਪਿੰਜਰੇ ਵਿੱਚ ਪਿਆ ਹੋਇਆ ਬਾਜ਼ ਚੰਗਾ, ਕਿਉਂਕਿ ਪਿੰਜਰੇ ਵਿੱਚ ਪਿਆ ਬਾਜ਼ ਜੀਵਾਂ ਨੂੰ ਨਹੀਂ ਮਾਰੇਗਾ। ਖੁੱਲ੍ਹੇ ਹੋਏ ਤੋਤੇ ਨਾਲੋਂ ਪਿੰਜਰੇ ਵਿੱਚ ਪਿਆ ਤੋਤਾ ਚੰਗਾ ਕਿਉਂਕਿ ਪਿੰਜਰੇ ਵਾਲੇ ਤੋਤੇ ਨੂੰ ਹੀ ਪੜ੍ਹਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਮੁਕਤੀ ਨਾਲੋਂ ਮਨੁੱਖਾ ਜੀਵਨ ਚੰਗਾ ਕਿਉਂਕਿ ਮਨੁੱਖਾ ਜੀਵਨ ਲੈ ਕੇ ਹੀ ਪ੍ਰਭੂ ਦਾ ਨਾਮ ਜਪਿਆ ਜਾ ਸਕਦਾ ਹੈ।

ਸ਼ਬਦ ਦੇ ਚੌਥੇ ਬੰਦ ਵਿੱਚ ਸਤਿਗੁਰਾਂ ਨੇ ਆਖਿਆ ਹੈ ਕਿ ਜਿਨ੍ਹਾਂ ਮਨੁੱਖਾ ਸਰੀਰ ਲੈ ਕੇ ਉਸ ਪ੍ਰਭੂ ਨੂੰ ਪਾ ਲਿਆ ਹੈ ਉਹ ਧੰਨਤਾ ਯੋਗ ਹਨ। ਇਸ ਮਹੀਨੇ ਦੇ ਸ਼ਬਦ ਦੀਆਂ ਆਖਰਲੀਆਂ ਪੰਕਤੀਆਂ ਵਿੱਚ ਕਿਰਪਾ ਕਰਦੇ ਨੇ :

**ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥੬॥**

**ਅਰਥ** : ਸਾਵਣ ਦੇ ਮਹੀਨੇ ਦੇ ਰਾਹੀਂ ਉਪਦੇਸ਼ ਕਰਦੇ ਨੇ ਕਿ ਉਨ੍ਹਾਂ ਦਾ ਮਨੁੱਖਾ ਜੀਵਨ ਹਰਿਆ ਭਰਿਆ ਹੈ, ਜਿਨ੍ਹਾਂ ਦੇ ਹਿਰਦੇ ਰੂਪੀ ਗਲ ਵਿੱਚ ਪਭੂ ਦੇ ਨਾਮ ਦਾ ਹਾਰ ਹੈ, ਜੋ ਹਰ ਵੇਲੇ ਨਾਮ ਜਪਦੇ ਨੇ, ਕਮਾਈ ਕਰਦੇ ਨੇ।

**ਭਾਵ ਅਰਥ** : ਸਾਉਣ ਦਾ ਮਹੀਨਾ ਉਨ੍ਹਾਂ ਲਈ ਰਸ ਭਰਪੂਰ ਹੈ ਜੋ ਪ੍ਰਮੇਸ਼ਵਰ ਨਾਲ ਜੁੜੇ ਨੇ, ਮਨ ਤੇ ਤਨ ਸਦਾ ਹੀ ਨਾਮ ਦੇ ਰੰਗ ਵਿੱਚ ਰੰਗਿਆ ਰਹਿੰਦਾ ਹੈ। ਮਾਇਆ ਦੇ ਰੰਗ ਕੂੜ ਤੇ ਨਾਸ਼ਮਾਨ ਨਜ਼ਰ ਆਉਂਦੇ ਹਨ। ਪ੍ਰਮੇਸ਼ਵਰ ਦਾ ਨਾਮ ਗੁਰੂ ਕਿਰਪਾ ਸਦਕਾ ਮਿਲਦਾ ਹੈ। ਕੁਦਰਤ ਦਾ ਪ੍ਰਭੂ ਦੀ ਸੱਤ੍ਹਾ ਕਰਕੇ ਮੌਲਿਆ ਹੈ ਉਸ ਨੂੰ ਮਿਲਣ ਲਈ ਮਨ ਲੋਚਦਾ ਹੈ ਪਰ ਕਿਰਪਾ ਤੋਂ ਬਿਨਾਂ ਉਸਦਾ ਮਿਲਾਪ ਸੰਭਵ ਨਹੀਂ। ਜਿਨ੍ਹਾਂ ਨੇ ਉਸ ਨੂੰ ਪ੍ਰਾਪਤ ਕਰ ਲਿਆ ਹੈ ਉਹ ਧੰਨਤਾ ਯੋਗ ਹਨ, ਸਤਿਕਾਰ ਯੋਗ ਹਨ। ਜਿਨ੍ਹਾਂ ਦੇ ਜੀਵਨ ਵਿੱਚ ਪ੍ਰਭੂ ਮੌਜੂਦ ਹੈ ਉਨ੍ਹਾਂ ਦਾ ਜੀਵਨ ਸਫਲਾ ਹੈ।

♣♣♣♣♣♣♣



# ਗੁਰਮਤਿ ਦਾ ਪੰਚਾਇਣਵਾਦ

ਪ੍ਰੋ. ਪਿਆਰਾ ਸਿੰਘ ਪਦਮ

ਸ੍ਰੇਸ਼ਟ ਧਰਮ ਤੇ ਸ੍ਰੇਸ਼ਟ ਰਾਜਨੀਤੀ ਦਾ ਸਦਾ ਇਹ ਯਤਨ ਰਿਹਾ ਹੈ ਕਿ ਵਿਅਕਤੀਵਾਦੀ ਦੀ ਥਾਂ ਸਮਸ਼ਟੀਵਾਦ ਦਾ ਪ੍ਰਚਾਰ ਤੇ ਪ੍ਰਸਾਰ ਹੋਵੇ। ਧਾਰਮਿਕ ਖੇਤਰ ਵਿੱਚ 'ਹਉਮੈ' ਦੀ ਥਾਂ ਸਰਬ ਵਿਆਪਕ। ਨਾਮ ਅਤੇ ਰਾਜਨੀਤਕ ਖੇਤਰ ਵਿੱਚ ਰਾਜਤੰਤਰ ਦੀ ਥਾਂ ਲੋਕਤੰਤਰ ਦਾ ਪੈਗ਼ਾਮ ਸੁਘੜ ਤੇ ਸਾਊ ਮਨੁੱਖ ਦਾ ਸੁਪਨਾ ਰਿਹਾ ਹੈ। ਉਂਜ ਜੇ ਗਹੁ ਨਾਲ ਦੇਖੀਏ ਤਾਂ ਇਕੱਲਾ ਵਿਅਕਤੀ ਆਪਣੇ ਆਪ ਵਿੱਚ ਹੈ ਹੀ ਕੀ, ਜਨਮ ਤੋਂ ਮਰਨ ਤੱਕ ਉਹ ਕਿਸੇ ਨਾ ਕਿਸੇ ਆਸਰੇ ਰਹਿੰਦਾ ਹੈ, ਭਾਈ ਚਾਰੇ ਦੀ ਉਸ ਨੂੰ ਸਦਾ ਲੋੜ ਹੈ। ਉਹ ਇੱਕ ਸਮਾਜਿਕ ਪ੍ਰਾਣੀ ਜੋ ਸਮਾਜ ਬਿਨਾਂ ਇੱਕ ਖਿਨ ਜੀਉ ਨਹੀਂ ਸਕਦਾ, ਜੇ ਜੀਵੇਗਾ ਤਾਂ ਵਿਕਾਸ ਨਹੀਂ ਕਰ ਸਕਦਾ। ਚਾਹੇ ਖੁਸ਼ੀ ਹੋਵੇ, ਚਾਹੇ ਗ਼ਮੀ, ਉਹ ਉਸ ਨੂੰ ਦੂਜਿਆਂ ਪਾਸ ਪ੍ਰਗਟਾ ਕੇ ਹੀ ਸੰਤੁਸ਼ਟਤਾ ਲੱਭਦਾ ਹੈ। ਪਰਿਵਾਰ, ਭਾਈਚਾਰਕ ਜੀਵਨ ਦਾ ਪਹਿਲਕ ਪੰਘੂੜਾ ਹੈ। ਇਸ ਤੋਂ ਬਾਅਦ ਮਨੁੱਖ ਤਰ੍ਹਾਂ-ਤਰ੍ਹਾਂ ਦੀਆਂ ਸੁਭਾਅ-ਸੁਸਾਇਟੀਆਂ ਬਣਾ ਕੇ ਆਪਣੇ ਵਿਅਕਤੀਤਵ ਦੀ ਭਲਾਈ ਲੋਚਦਾ ਹੈ। ਦੂਜੇ ਪਾਸੇ ਜੇ ਉਹ ਨਿਰਾਪੁਰਾ ਵਿਅਕਤੀਵਾਦੀ ਹੋ ਕੇ ਆਪਣੀ ਹੁਉਮੈ ਨੂੰ ਹੀ ਗ਼ਲਤ ਪਾਲਦਾ ਜਾਵੇ ਤਾਂ ਇਹ ਸੱਚਮੁਚ ਦੀਰਘ ਰੋਗ ਹੋ ਨਿਬੜਦਾ ਹੈ ਜੋ ਮਨੁੱਖੀ ਹਸਤੀ ਨੂੰ ਗ੍ਰਸ ਲੈਂਦਾ ਹੈ।

ਗੁਰਮਤਿ ਨੇ ਮਨੁੱਖ ਨੂੰ ਇਸ ਦਲਦਲ ਵਿੱਚੋਂ ਕੱਢਣ ਲਈ ਬੁਨਿਆਦੀ ਗੱਲ ਹੀ ਇਹ ਆਖੀ ਹੈ ਕਿ ਹਉਮੈ ਨੂੰ ਤਿਆਗ ਕੇ ਹੁਕਮ ਨੂੰ ਬੁਝ ਕੇ ਹਉਮੈ ਤੋਂ ਛੁਟਕਾਰਾ ਪਾਉਣਾ ਹੀ ਸੱਚਾ-ਸੁੱਚਾ ਮਾਰਗ ਹੈ। ਹੁਕਮ ਮੰਨਣ ਵਾਲਾ ਸਰਬਵਿਆਪੀ ਦ੍ਰਿਸ਼ਟੀ ਰੱਖਦਾ ਹੈ ਜਦੋਂ ਕਿ ਹਉਮੈ ਵਾਲਾ ਆਪਣੇ ਤੋਂ ਉਤਾਂਹ ਉਠ ਨਹੀਂ ਸਕਦਾ। ਹਉਮੈ ਦੀਆਂ ਗਲਵੱਕੜੀ ਪਾਉਣ ਵਾਲੀਆਂ ਬਾਹਾਂ ਲੰਮੀਆਂ ਨਹੀਂ ਹੁੰਦੀਆਂ, ਸੱਚਾ ਮਾਨਵਵਾਦੀ ਬਣਨ ਲਈ ਹੁਕਮਵਾਦੀ ਬਣਨਾ ਹੀ ਲਾਹੇਵੰਦ ਹੈ। ਹਉਮੈ ਤੇ ਹੁਕਮ ਦਾ ਵਿਰੋਧ ਮਨੁੱਖ ਦੇ ਜਨਮ ਕਾਲ ਤੋਂ ਹੀ ਚੱਲ ਰਿਹਾ ਹੈ, ਹਉਮੈ ਕਹਿੰਦੀ ਹੈ ਕਿ ਮੈਂ ਹੀ ਸਭ ਕੁਝ ਹਾਂ ਤੇ ਮੇਰੀ ਗੱਲ ਠੀਕ ਹੈ, ਹੁਕਮ ਕਹਿੰਦਾ ਹੈ ਕਿ ਤੇਰੇ ਵਰਗੇ ਹੋਰ ਵੀ ਅਸੰਖਾਂ ਹਨ ਤੇ ਉਨ੍ਹਾਂ ਦੀ ਗੱਲ ਵੀ ਸੁਣਨੀ ਚਾਹੀਦੀ ਹੈ। ਹਉਮੈ ਦਾ ਸੁਭਾਅ ਅਮੋੜ ਹੈ ਤੇ ਉਹ ਆਪਣੇ ਸੀਮਤ ਘੇਰੇ ਵਿੱਚ ਫਾਥੀ ਅੰਦਰੋ-ਅੰਦਰ ਖਿਝਦੀ ਕ੍ਰਿਝਦੀ ਰਹਿੰਦੀ ਹੈ। ਜੇ ਉਹ ਆਪਣੇ ਅਰੰਭਾਵ ਦਾ ਰਾਗ ਤਿਆਗ ਕੇ ਵਿਸ਼ਵਾ ਨਾਦ ਨਾਲ ਇਕਸੁਰ ਹੋ ਜਾਵੇ ਤਾਂ ਇਹ ਸਾਰੀ ਭਟਕਣ ਮੁੱਕ ਸਕਦੀ ਹੈ। ਜੋਤਿ ਪਰਮ ਜੋਤਿ ਦੀ ਅੰਸ਼ ਮਾਤਰ ਹੈ, ਕਿਰਣ, ਸੂਰਜ ਤੋਂ ਭਿੰਨ ਹਸਤੀ ਨਹੀਂ। ਇਹ ਚਾਨਣੀ, ਚੰਦਰਮਾ ਦਾ ਹੀ ਆਤਮ ਪ੍ਰਕਾਸ਼ ਹੈ, ਚੰਦ ਬਗੈਰ ਚਾਨਣੀ ਦਾ ਜ਼ਹੂਰ ਸੰਭਵ ਨਹੀਂ। ਚਾਨਣੀ ਦੀ ਹਉਮੈ ਇੱਕ ਭੁਲੇਖਾ ਹੈ ਇੱਕ ਭ੍ਰਾਂਤੀ ਹੈ। ਜੇ ਇਸ ਨੂੰ ਇਹ ਪਤਾ ਲੱਗ ਜਾਵੇ ਕਿ ਚੰਦਰਮਾ ਤੋਂ ਬਗ਼ੈਰ ਉਸ ਦੀ ਹਸਤੀ ਹੀ ਨਹੀਂ ਤਾਂ ਫਿਰ ਇਹ ਆਪਣੇ ਆਪ ਸ਼ਾਂਤ ਹੋ ਸਕਦੀ ਹੈ ਇਹ ਹਉਮੈ, ਹੁਕਮ ਦੀ ਬੇਟੀ ਹੈ ਪਰ ਇਸ ਨੂੰ ਖ਼ਬਰ ਨਹੀਂ ਕਿ ਇਸਦਾ ਵਜੂਦ ਉਸੇ ਸਾਗਰ ਦਾ ਬੁਲਬੁਲਾ ਹੈ। ਹੁਕਮ ਨੂੰ ਬੁੱਝਣ ਦਾ ਭਾਵ ਹੀ ਇਹ ਹੈ ਕਿ ਵਿਅਕਤੀ ਸਮਸ਼ਟੀ ਵਿੱਚ ਸਮਾ ਜਾਵੇ ਤੇ ਆਤਮਾ ਪ੍ਰਮਾਤਮਾ ਹੋ ਜਾਵੇ, ਬੰਦਾ ਸਾਰੀ ਦੁਨੀਆਂ ਨਾਲ ਇਕਮਿਕ ਹੋ ਜਾਵੇ। ਇਸ ਲਈ ਗੁਰਬਾਣੀ ਦੀਆਂ ਤਿੰਨ ਵਿਧੀਆਂ ਸਮਝਾਈਆਂ ਗਈਆਂ ਹਨ, ਇਹ ਤਿੰਨ ਵੀ ਨਹੀਂ, ਇਨ੍ਹਾਂ ਦੇ ਰੂਪ ਤਾਂ ਤਿੰਨ ਦਿਸਦੇ ਹਨ ਪਰ ਹੈ ਇਕ ਹੀ,

1. ਪਰਮੇਸ਼ਰ ਦੀ ਸ਼ਰਨ
2. ਗੁਰੂ ਦੀ ਸ਼ਰਨ
3. ਸਾਧ ਸੰਗਤ ਦੀ ਸ਼ਬਦ

ਪ੍ਰਮੇਸ਼ਰ, ਗੁਰੂ ਤੇ ਸੰਗਤ ਦੀ ਏਕਤਾ ਵੀ ਥਾਂ ਥਾਂ ਦਰਸਾਈ ਗਈ ਹੈ ਕਿ ਇਹ ਭਿੰਨ-ਭਿੰਨ ਨਹੀਂ। ਪ੍ਰਮੇਸ਼ਰ ਦੀ ਸ਼ਰਨ ਦਾ ਭਾਵ ਇਹ ਹੈ ਕਿ ਹਉਮੈ ਤਿਆਗ ਕੇ ਸਭ ਰਲ ਮਿਲ ਚਲਣਾ। ਕਿਉਂਕਿ ਸ੍ਰਿਸ਼ਟੀ ਉਸ ਤੋਂ ਵੱਖ ਨਹੀਂ :

**ਸਰਬ ਭੂਤ ਆਪਿ ਵਰਤਾਰਾ।। ਸਰਬ ਨੈਨ ਆਪਿ ਪੇਖਨਹਾਰਾ।।**
**ਸਗਲ ਸਮਗ੍ਰੀ ਜਾ ਕਾ ਤਨਾ।। ਆਪਨ ਜਸੁ ਆਪ ਹੀ ਸੁਨਾ।।** (ਅੰਗ ੨੯੪)

**ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ**
**ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ।।** (ਅੰਗ ੯੧੭)

**ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ।।** (ਅੰਗ ੪੪੨)

**ਪਾਰਬ੍ਰਹਮੁ ਪਰਮੇਸਰੁ ਅਨੂਪੁ।। ਸਫਲ ਮੂਰਤਿ ਗੁਰੁ ਤਿਸ ਕਾ ਰੂਪੁ।।** (ਅੰਗ ੧੧੫੨)

**ਜਿਨਾ ਭਾਣੇ ਕਾ ਰਸੁ ਆਇਆ।। ਤਿਨ ਵਿਚਹੁ ਭਰਮੁ ਚੁਕਾਇਆ।।**
**ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ।।** (ਅੰਗ ੭੨)

ਸਤਿਸੰਗ ਨਾਮ ਦੇ ਵਖਾਣ ਨਾਲ ਬਣਦੀ ਹੈ, ਵਿਸ਼ਵ ਇਕਸੁਰਤਾ ਇਸਦਾ ਬੁਨਿਆਦੀ ਅਨੁਭਵ ਹੈ। ਇਸ ਦੀ ਖ਼ੂਬੀ ਵੀ ਇਹੋ ਹੈ ਕਿ ਇਹ ਹਉਮੈ ਮੇਟ ਕੇ ਸਭ ਨਾਲ ਇਕਸੁਰ ਕਰ ਦਿੰਦੀ ਹੈ। ਇਹ ਧਰਮ ਦੀ ਉਚੀ ਅਵਸਥਾ ਹੈ ਜੋ ਸਾਧਸੰਗਤ ਦੀ ਕ੍ਰਿਪਾ ਦਾ ਫਲ ਹੈ :

**ਬਿਸਰਿ ਗਈ ਸਭ ਤਾਤਿ ਪਰਾਈ।।**
**ਜਬ ਤੇ ਸਾਧਸੰਗਤਿ ਮੋਹਿ ਪਾਈ।।੧।।ਰਹਾਉ।।**
**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ।।** (ਅੰਗ ੧੨੯੯)

ਇਸ ਕਰਕੇ ਸਿੱਖੀ ਵਿੱਚ ਕੀਰਤਨ ਤੇ ਸਾਧ-ਸੰਗਤ ਨੂੰ ਅਤਿ ਸ੍ਰੇਸ਼ਟ ਕਹਿ ਕੇ ਸਲਾਹਿਆ ਗਿਆ ਹੈ ਤੇ ਇਸੇ ਦੁਆਰੇ ਪਾਰ ਉਤਾਰੇ ਦਾ ਵਿਸ਼ਵਾਸ ਦ੍ਰਿੜਾਇਆ ਹੈ :

**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ।।** (ਅੰਗ ੬੪੧)

ਜਾਂ

**ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ।।** (ਅੰਗ ੧੦)

ਇਸ ਤਰ੍ਹਾਂ ਪ੍ਰਭੂ ਦੀ ਸ਼ਰਨ, ਗੁਰਬਾਣੀ ਦੀ ਸ਼ਰਨ ਤੇ ਸਾਧਸੰਗ ਦੀ ਸ਼ਰਨ ਇੱਕ ਸਮਾਨ ਕਰਕੇ ਉਪਮਾਈ ਗਈ ਹੈ, ਇਹ ਇੱਕ ਦੂਜੇ ਨਾਲ ਅਭੇਦ ਹਨ। ਗੁਰੂ, ਪ੍ਰਭੂ ਨਾਲ ਅਭੇਦ ਹੈ ਤੇ ਸੰਗਤ ਗੁਰੂ ਨਾਲ। ਅੰਤਰ ਕੇਵਲ ਇਤਨਾ ਹੈ ਕਿ ਪ੍ਰਮੇਸ਼ਰ ਤੇ ਗੁਰਸ਼ਬਦ ਅਦ੍ਰਿਸ਼ਟ ਹਨ ਤੇ ਸਾਧ ਸੰਗਤ ਦ੍ਰਿਸ਼ਟਮਾਨ, ਇਸ ਕਰਕੇ ਇਹ ਸ਼ਰਨ, ਸੰਗਤ ਦੇ ਦਰਸ਼ਨ ਵਿੱਚ ਵਧੇਰੇ ਪ੍ਰਤੱਖ ਹੈ। ਗੁਰੂ



ਗੋਬਿੰਦ ਸਿੰਘ ਜੀ ਨੇ ਇਸੇ ਸਿਧਾਂਤ ਨੂੰ ਦਸਦਿਆਂ ਇਹ ਤ੍ਰਿਕੋਨ ਸਮਝਾਇਆ ਸੀ :

1. ਪੂਜਾ ਅਕਾਲ ਕੀ
2. ਪਰਚਾ ਸ਼ਬਦ ਕਾ
3. ਦੀਦਾਰ ਖਾਲਸੇ ਕਾ

ਜਦੋਂ ਗੁਰੂ ਨਾਨਕ ਸਾਹਿਬ ਨੂੰ ਸਿੱਧਾਂ ਨੇ ਪੁੱਛਿਆ ਕਿ ਤੁਹਾਡੇ ਧਰਮ ਦਾ ਮੂਲ ਆਧਾਰ ਕੀ ਹੈ ਤਾਂ ਉਨ੍ਹਾਂ ਦਾ ਜਵਾਬ ਸੀ-ਦੈਵੀ ਵਿਚਾਰਧਾਰਾ ਤੇ ਇਸ ਨੂੰ ਮੰਨਣ ਵਾਲੇ ਅਰਥਾਤ ਗੁਰਬਾਣੀ ਤੇ ਗੁਰਸੰਗਤਿ, ਬਾਣੀ ਗੁਰੂ ਗ੍ਰੰਥ ਬਣ ਗਈ ਤੇ ਸੰਗਤ ਪੰਚਾ ਰੂਪ ਵਿੱਚ ਮੂਰਤੀਮਾਨ ਹੋਇਆ। ਦਸ ਗੁਰੂ ਸਾਹਿਬ ਦੋ ਸੌ ਵਰ੍ਹਾ ਇਸੇ ਗੱਲ ਤੇ ਲਾਉਂਦੇ ਗਏ ਕਿ ਸੰਗਤ ਇਸ ਲਾਇਕ ਹੋ ਜਾਵੇ ਕਿ ਮਨੁੱਖੀ ਵਿਕਾਸ ਦੀ ਸਾਰੀ ਜ਼ਿੰਮੇਵਾਰੀ ਸੰਭਾਲ ਸਕੇ।

ਕਾਰਣ ਇਹ ਹੈ ਕਿ ਵਿਅਕਤੀ ਸਦਾ ਸੀਮਤ ਮਨੋਰਥਾਂ ਵਾਲਾ ਹੁੰਦਾ ਹੈ ਤੇ ਸਦਾ ਸਥਿਰ ਵੀ ਨਹੀਂ ਰਹਿ ਸਕਦਾ ਤੇ ਨਾ ਹੀ ਸਰਬਵਿਆਪੀ ਤੇ ਸਰਬ ਪਰਵਾਨ ਹੋ ਸਕਦਾ ਹੈ। ਇਸੇ ਕਰਕੇ ਗੁਰੂਆਂ ਨੇ ਗੁਰਸੰਗਤਿ ਤੇ ਗੁਰਬਾਣੀ ਦੀ ਸੰਸਥਾ ਨੂੰ ਪਰਿਪੱਕ ਕਰਕੇ ਇਸ ਯੋਗ ਬਣਾਇਆ ਕਿ ਇਹ ਜੀਵਨ ਦੀ ਵ੍ਰਿਧੀ ਲਈ ਯਥਾਯੋਗ ਅਗਵਾਈ ਦੇਵੇ ਤੇ ਯਤਨ ਕਰੇ। ਜੈਸਾ ਕਿ ਅਸਾਂ ਪਹਿਲੇ ਕਿਹਾ ਹੈ ਕਿ ਗੁਰਮਤਿ-ਸਿਧਾਂਤ "**ਤੂੰ ਦਰਿਆਉ ਸਭ ਤੁਝ ਹੀ ਮਾਹਿ**" ਹੈ, ਇਸ ਕਰਕੇ ਮਨੁੱਖੀ ਹਉਮੈ ਦਾ ਭਲਾ ਇਸੇ ਵਿੱਚ ਹੈ ਕਿ ਉਹ ਗੁਰਸਾਗਰ ਵਿੱਚ ਲੀਨ ਹੋ ਜਾਵੇ ਇਕੱਲੀ ਬੂੰਦ ਬੇਚਾਰੀ ਚੱਲ ਨਹੀਂ ਸਕਦੀ ਪਰ ਦਰਿਆ ਵਿੱਚ ਰਲ ਕੇ ਇਹ ਸੈਂਕੜੇ ਕੋਹਾਂ ਦਾ ਪੈਂਡਾ ਕਰ ਸਕਦੀ ਹੈ।

ਪੁਰਾਣਾ ਇਤਿਹਾਸ ਦੱਸਦਾ ਹੈ ਕਿ ਜੇ ਕੁਝ ਵਿਅਕਤੀ ਕਦੀ ਸ੍ਰੇਸ਼ਟਤਾ ਦੀਆਂ ਪਉੜੀਆਂ ਚੜ੍ਹ ਵੀ ਗਏ ਤਾਂ ਅਹੰਕਾਰ ਨੇ ਉਨ੍ਹਾਂ ਨੂੰ ਮੁੜ ਸੰਕੋਚ ਕੇ ਰੱਖ ਦਿੱਤਾ। ਗੱਦੀਦਾਰ ਦਾ ਹੋ ਕੇ 'ਗੁਰੂ ਪੀਰ' ਕਹਾਏ ਤੇ ਅੰਤ ਡੇਰੇਦਾਰ ਮਹੰਤ ਬਣ ਕੇ ਰਹਿ ਗਏ। ਮੰਦੀ ਛਾਪ ਇਹ ਛੱਡ ਗਏ ਕਿ ਉਨ੍ਹਾਂ ਦੇ ਪਿਛਲੱਗ ਇੱਕ ਸੰਪਰਦਾ ਜਾਂ ਫਿਰਕਾ ਬਣ ਕੇ ਆਮ ਲੋਕਾਂ ਨਾਲੋਂ ਨਿਬੜ ਗਏ। ਇਉਂ ਵਿਅਕਤੀਵਾਦ ਨੇ ਸਾਰੇ ਧਰਮਾਂ ਨੂੰ ਫਿਰਕਾਬੰਦੀ ਦੀਆਂ ਵੰਡਾਂ ਵਿੱਚ ਵੰਡ ਦਿੱਤਾ। ਰਾਜਨੀਤਕ ਖੇਤਰ ਵਿੱਚ ਮਨੁੱਖ ਦੀ ਮਲੀਨ ਹਉਮੈ ਕੁਰੂਪ ਹੋ ਗਈ ਤੇ ਇਹ ਡਿਕਟੇਟਰ ਬਣ ਕੇ ਸਾਰੀ ਮਨੁੱਖਤਾ ਲਈ ਘਾਤਕ ਸਿੱਧ ਹੋਈ। ਅਜਿਹੇ ਤਜ਼ਰਬਿਆਂ ਦੀ ਰੌਸ਼ਨੀ ਵਿੱਚ ਸਤਿਗੁਰੂ, ਮਨੁੱਖ ਨੂੰ ਵਿਅਕਤੀਗਤ ਦਾਸਤਾਂ ਤੋਂ ਸੁਤੰਤਰ ਕਰਨਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਨੇ ਗੁਰੂ ਸ਼ਬਦ ਦੇ ਨਾਲ-ਨਾਲ ਗੁਰਸੰਗਤ ਦਾ ਗੌਰਵ ਸਥਾਪਨ ਕੀਤਾ, ਸੰਗਤ ਨੂੰ ਵਡਿਆਇਆ ਤੇ ਅੰਤ ਗੱਦੀ ਦਾ ਅਧਿਕਾਰੀ ਬਣਾਇਆ।

ਇਸ ਸੰਗਤ ਦੀ ਸਥਾਪਨਾ ਵਿੱਚ ਗੁਰੂ ਦੀ ਬਿਬੇਕ ਬੁਧੀ ਬੜੀ ਸਪਸ਼ਟ ਸੀ ਤੇ ਉਹ ਠੀਕ ਪਾਸੇ ਅਗਵਾਈ ਦੇ ਰਹੀ ਸੀ। ਆਪ ਲੋਕ ਤੇ ਲੋਕਰਾਜੀ ਪ੍ਰਥਾ ਵਿੱਚ ਧਨਵਾਨ ਜਾਂ ਚਲਾਕ ਲੋਕ ਬਹੁ ਸੰਮਤੀ ਲੈ ਕੇ ਆਪਣੀ ਸੰਗਤ ਜਾਂ ਅਸੈਂਬਲੀ ਬਣਾ ਬਹਿੰਦੇ ਹਨ। ਸਤਿਗੁਰਾਂ ਨੇ ਵੋਟਾਂ ਨਾਲ ਚੋਣ ਨਹੀਂ ਕਰਾਈ। ਸਗੋਂ ਦੈਵੀ ਗੁਣਾਂ-ਨਿਮਰਤਾ, ਸ਼ਹਿਨਸ਼ੀਲਤਾ, ਸੇਵਾ-ਭਾਵ, ਸਬਰ ਸੰਤੋਖ਼ ਦੀ ਕਸੌਟੀ ਰੱਖ ਚੋਣ ਕੀਤੀ। ਗੁਰੂ ਨਾਨਕ ਸਾਹਿਬ ਸੰਗਤ ਦੀ ਸਥਾਪਣਾ ਸਮੇਂ ਬਿਲਕੁਲ ਚੇਤੰਨ ਤੇ ਸਪਸ਼ਟ ਸਨ :

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।।**

ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥ (ਅੰਗ ੧੫)

ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥
ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥
ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥
ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥ (ਅੰਗ ੭੦੭)

ਲੋਕ ਯੁੱਗ ਦਾ ਮੋਢੀ ਮਹਾਨ ਗੁਰੂ ਇਹੋ ਚਾਹੁੰਦਾ ਸੀ ਕਿ ਜ਼ਿੰਦਗੀ ਦੀ ਗੁਰਿਆਈ ਧਰਤੀ ਦੇ ਨੇਕ ਕਿਰਤੀ ਕਾਮੇ ਨੂੰ ਹੀ ਸੌਂਪੀ ਜਾਵੇ, ਸੋ ਉਨ੍ਹਾਂ ਅਜਿਹੇ ਸੱਚੇ-ਸੁੱਚੇ ਕਿਰਤੀ ਕਾਮਿਆਂ ਦੀ ਜਮਾਤ ਜੋੜ ਕੇ ਸੰਗਤ ਬਣਾਈ ਤੇ ਉਨ੍ਹਾਂ ਦੇ ਅੰਦਰਲੇ ਰੱਬ ਨੂੰ ਜਗਾਇਆ। **"ਮਨ ਤੂੰ ਜੋਤਿ ਸਰੂਪੁ ਹੈ"** ਦ੍ਰਿੜਾਉਣ ਦਾ ਭਾਵ ਇਹ ਸੀ ਕਿ ਭਾਈ ਲਾਲੋ ਹੀਣ ਭਾਵ ਦਾ ਸ਼ਿਕਾਰ ਨਾ ਹੋਵੇ। ਉਹ ਪ੍ਰਮੇਸ਼ਰ ਦਾ ਸਹਿਜ਼ਾਦਾ ਨਿਰਧਨਾਂ ਨਿਆਸਰਿਆਂ ਵਾਂਗ ਦਿਨ ਨਾ ਬਿਤਾਵੇ ਸਗੋਂ ਨਿਆਸਰਿਆਂ ਦਾ ਖੁਦ ਆਸਰਾ ਬਣ ਕੇ ਇਹ ਚੰਗੀ ਤਰ੍ਹਾਂ ਜਾਣੇ ਕਿ ਦੇਗ ਤੇ ਤੇਗ ਉਸਦੇ ਖੱਬੇ ਹੱਥ ਦੇ ਕਰਤਵ ਹਨ ਤੇ ਇਸ ਧਰਤੀ ਦੀ ਸਿਕਦਾਰੀ ਉਸ ਦੀ ਹੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਹੋ ਪ੍ਰਤਿਗਿਆ ਦੁਹਰਾਈ ਕਿ ਮੈਂ ਨੀਚਾਂ ਕੀਟਾਂ ਨੂੰ ਸਿੰਘਾਸਨ ਤੇ ਬਿਠਾਵਾਂਗਾ ਤੇ ਜ਼ਿੰਦਗੀ ਦੇ ਸਰਦਾਰ ਬਣਾਵਾਂਗਾ। ਭਾਈ ਰਤਨ ਸਿੰਘ ਭੰਗੂ ਨੇ ਲਿਖਿਆ ਹੈ :

ਸੱਤ ਸਨਾਤ ਐ ਬਾਹਰ ਜਾਤ
ਜਾਨੈ ਨਾਹੀ ਰਾਜਨੀਤਿ ਕੀ ਬਾਤ
ਜੱਟ ਬੂਟ ਕਹਿ ਜਿਹ ਜਗ ਮਾਂਹੀ
ਬਨੀਏ ਬਕਾਲ ਕਿਹਾੜ ਖਤ੍ਰੀ ਸਦਾਰੀ
ਲੁਹਾਰ ਤ੍ਰਖਾਣ ਹੁਤ ਜਾਤ ਕਮੀਨੀ
ਛੀਂਪੋ ਕਲਾਲ ਨੀਚਨ ਪੈ ਕ੍ਰਿਪਾ ਕੀਨੀ।
ਗੁੱਜਰ ਗਵਾਰ ਹੀਰ ਕਮਜਾਤ
ਕੰਬੋਇ ਸੂਦਨ ਕੋਈ ਪੂਛੇ ਨ ਬਾਤ
ਝੀਵਰ ਨਾਈ ਔ ਰੋੜੇ ਘੁਮਿਆਰ
ਸਾਇਣੀ ਨਾਈ ਸੁਨਿਆਰੇ ਚੂਹੜੇ ਚਮਿਣਾਰ
ਭੱਟ ਔਰ ਬ੍ਰਹਮਣ ਹੁਤ ਮੰਗਵਾਰ
ਬਹੁਰੂਪੀਏ ਲੁਬਾਣੇ ਔ ਬਟਵਾਲ
ਇਨ ਗਰੀਬ ਸਿਖਨ ਕੋ ਦੈਂ ਪਾਤਸ਼ਾਹੀ
ਯਹਿ ਯਾਦ ਰਖੈਂ ਹਮਰੀ ਗੁਰਿਆਈ। (ਪ੍ਰਾਚੀਨ ਪੰਥ ਪ੍ਰਕਾਸ਼)

ਨਾਮ ਗਰੀਬ ਨਿਵਾਜ ਹਮਾਰਾ। ਹੈ ਜਗ ਮੈਂ ਪ੍ਰਸਿਧ ਅਪਾਰਾ।
ਸੋ ਸਫਲਾ ਜਗ ਮੈਂ ਤਰ ਥੈ ਹੈ। ਲਘੁ ਜਾਤਨ ਕੋ ਬਡਪਨ ਦੇ ਹੈ।
ਜਿਨਕੀ ਜਾਜ਼ ਵਰਣ ਕੁਲ ਮਾਹੀ। ਸਰਦਾਰੀ ਨਹਿੰ ਭਈ ਕਦਾਹੀ।
ਕੀਟਨ ਤੇ ਇਨਕੋ ਕੌ ਮ੍ਰਿਗਿੰਦ੍ਰ। ਕਰੋਂ ਹਰਨ ਹਿਤ ਤੁਰਕ ਗਜਿੰਦੂੰ।



ਸਰਦਾਰ ਬਨਾਵੋਂ ਤਬਹਿ ਗੋਬਿੰਦ ਸਿੰਘ ਨਾਮ ਕਹਾਵੋ।(ਪੰਥ ਪ੍ਰਕਾਸ਼ ਗਿ. ਗਿਆਨ ਸਿੰਘ)

ਵਰਕਿੰਗ ਕਲਾਸ ਨੂੰ ਉਚਿਆਉਣ ਦੀ ਇਹ ਯੋਜਨਾ ਆਖਰ ਮੂਰਤੀਮਾਨ ਹੋਈ :- ਦੁਨੀਆਂ ਨੇ ਵੇਖਿਆ ਕਿ ਮਾਮੂਲੀ ਤੋਂ ਮਾਮੂਲੀ ਚਿੜੀਆਂ ਸਰੀਖੇ ਸਿੱਖਾਂ ਨੂੰ ਤੇਗਾਂ ਫੜਾਕੇ ਸ਼ਹਿਨਸ਼ਾਹੀਅਤ ਨਾਲ ਟਕਰਾਇਆ ਗਿਆ ਹੈ ਤੇ ਨਿਰਭੈ ਜਾਗ੍ਰਤ ਜਨਤਾ ਨੇ ਆਪਣੀ ਵਚਿਤਰ ਸ਼ਕਤੀ ਨਾਲ ਸਾਮਰਾਜੀ ਹਾਥੀ ਨੂੰ ਪਿਛਾਂਹ ਧਕੇਲਿਆ। ਧਰਮ ਦੇ ਪਰਦੇ ਹੇਠ ਸਮਾਜ ਨੂੰ ਵਿੱਚੇ-ਵਿੱਚ ਖਾ ਰਹੀ ਪੂੰਜੀ ਪ੍ਰਸਤ ਬ੍ਰਾਹਮਣੀ ਜਿਹਨੀਅਤ ਤੇ ਲੋਕ-ਮਾਰੂ ਮੁਗਲ ਸ਼ਹਿਨਸ਼ਾਹੀਅਤ ਦੋਹਾਂ ਨੂੰ ਵੰਗਾਰ ਕੇ ਖਾ ਮਾਰਿਆ ਅਤੇ ਕਲਗੀ ਵਾਲੇ ਨੇ ਖੁਦ ਘਾਹੀਆਂ ਸਿੱਖਾਂ ਦੇ ਸਿਰਾਂ ਤੇ ਕਲਗੀਆਂ ਸਜਾਈਆਂ। ਇਹ ਬਾਕੀ ਸੂਰਤ ਦੇਖ ਕੇ, ਖੁਦ ਗੁਰੂ ਦੀ ਆਤਮਾ ਮੁਸਕਾਂਦੀ ਹੋਈ ਇਉਂ ਤਿੰਨ ਗੁਣਾਂ ਰਹੀ ਸੀ :

**ਖਾਲਸਾ ਮੇਰੋ ਰੂਪ ਹੈ ਖਾਸ**
**ਖਾਲਸੇ ਮਹਿ ਹਉ ਕਰਉ ਨਿਵਾਸ।** **(ਸਰਬ ਲੋਹ ਗ੍ਰੰਥ)**

ਗੁਰੂ ਗੋਬਿੰਦ ਸਿੰਘ ਆਪ ਖਾਲਸਾ ਬਣੇ ਤੇ ਖਾਲਸੇ ਨੂੰ ਗੁਰੂ ਗੋਬਿੰਦ ਸਿੰਘ ਬਣਾਇਆ। ਇਹ ਗੁਰ ਚੇਲੇ ਦਾ ਕੌਤਕ ਸੱਚਮੁਚ ਵਾਹ ਵਾਹ ਦੇ ਯੋਗ ਸੀ। ਦੁਨੀਆਂ ਨੇ ਗੱਜ ਕੇ ਹਾਮੀ ਭਰਦਿਆਂ ਕਿਹਾ :

ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰ ਚੇਲਾ।

ਇਹ ਇੱਕ ਤਰ੍ਹਾਂ ਪੰਚ ਪ੍ਰਧਾਨੀ ਸਿਧਾਂਤ ਦੀ ਪਰਿਪੱਕ ਅਵਸਥਾ ਸੀ ਕਿ ਦਸਮ ਗੁਰੂ ਨੇ ਸੰਗਤ ਦੇ ਇਨ੍ਹਾਂ ਪੰਜ ਪ੍ਰਤਿਨਿਧਾਂ ਤੋਂ ਪਾਹੁਲ ਲਈ ਤੇ ਆਪਣੇ ਆਪ ਨੂੰ ਉਨ੍ਹਾਂ ਦਾ ਸੇਵਕ ਆਖਿਆ। ਖਾਲਸੇ ਦੇ ਐਸੇ ਗੁਣ ਗਾਏ ਕਿ ਕੋਈ ਪੈਗੰਬਰ ਅਜੇ ਤੱਕ ਅਜਿਹੀ ਤਾਰੀਫ਼ ਨਹੀਂ ਕਰ ਸਕਿਆ। ਕਿਸੇ ਵੇਦ, ਕੁਰਾਨ ਜਾਂ ਬਾਈਬਲ ਵਿੱਚ ਸੰਗਤ ਜਾਂ ਉਮੱਤ ਦੀ ਵਡਿਆਈ ਕੀਤੀ ਨਹੀਂ ਮਿਲਦੀ ਜਿਵੇਂ ਗੁਰੂ ਦਸਮੇਸ਼ ਨੇ ਕੀਤੀ। ਇਹ ਉਸਤਤਿ ਮਾਤਰ ਵੀ ਨਹੀਂ ਸੀ, ਉਨ੍ਹਾਂ ਦਾ ਨਿਸ਼ਚਾ ਸੀ, ਹਕੀਕਤ ਸੀ :

1) **ਜੁਧ ਜਿਤੇ ਇਨਹੀ ਕੇ ਪ੍ਰਸਾਦਿ, ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ।**
**ਅਘ ਓਘ ਟਰੇ ਇਨ ਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ।**
**ਇਨਹੀ ਕੀ ਪ੍ਰਸਾਦਿ ਸੁਬਿਦਿਆ ਲਈ, ਇਨਹੀ ਕੀ ਕ੍ਰਿਪਾ ਸਭ ਸਤ੍ਰੁ ਮਰੇ।**
**ਨਿਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ : ਨਹੀਂ ਮੋ ਸੋ ਗ੍ਰੀਬ ਕ੍ਰੋਰ ਪਰੇ।**

2) **ਸੇਵ ਕਰੀ ਇਨ ਹੀ ਕੀ ਭਾਵਤ, ਅਉਰ ਕੀ ਸੇਵ ਸੁਹਾਤ ਨਾ ਜੀਕੋ।**
**ਦਾਨ ਦੀਯੋ ਇਨ ਹੀ ਕੋ ਭਲੋ, ਅਰੁ ਆਨ ਕੋ ਦਾਨ ਨਾ ਲਾਗਤ ਨੀਕੋ।**
**ਆਗੇ ਫਲੈ ਇਨਹੀ ਕੋ ਦਯੋ ਗ ਮੇਂ ਜਸ ਅਉਰ ਦਯੋ ਸਭ ਫੀਕੋ।**
**ਮੋ ਗ੍ਰਹਿ ਮੈ ਤਨ ਤੇ ਮਨ ਤੇ, ਸਿਰ ਲਉ ਧਨ ਹੈਂ ਸਭ ਇਨ ਹੀ ਕੋ।**

ਗੁਰਬਾਣੀ ਤੇ ਗੁਰੂ ਇਤਿਹਾਸ ਵਿੱਚ ਸੰਗਤ ਦੀ ਬਾਰ ਬਾਰ ਮਹਿਮਾਂ ਕੀਤੀ ਗਈ ਹੈ ਤੇ ਭਾਈ ਗੁਰਦਾਸ ਜੀ ਨੇ ਤਾਂ ਸਾਨੂੰ ਇਹ ਵੀ ਦੱਸਿਆ ਹੈ ਕਿ ਪੰਚ ਸੰਖਿਆ ਵਾਲੀ ਗੁਰਸੰਗਤ ਨੂੰ

ਪ੍ਰਮੇਸ਼ਰ ਸਰੂਪ ਕਹਿ ਕੇ ਸਲਾਹਿਆ ਜਾਂਦਾ ਰਿਹਾ ਹੈ। ਜਾਪਦਾ ਇਹ ਹੈ ਕਿ ਇਹ ਪੰਚ ਪ੍ਰਥਾ ਪੰਜਵੇਂ, ਛੇਵੇਂ ਪਾਤਸ਼ਾਹ ਦੇ ਜ਼ਮਾਨੇ ਕਾਫੀ ਅਹਿਮੀਅਤ ਰੱਖਣ ਲਗ ਪਈ ਸੀ। ਭਾਈ ਗੁਰਦਾਸ ਜੀ ਦਾ ਕਥਨ ਹੈ ;

**ਇਕ ਸਿਖ ਦੁਇ ਸਾਧ ਸੰਗਿ ਪੰਜੀ ਪਰਮੇਸ਼ਰ** (ਤੇਰ੍ਹਵੀਂ ਵਾਰ)

ਸਿੱਖ-ਸਾਹਿਤ ਵਿੱਚ ਪੰਜਾਂ ਦੀ ਗਿਣਤੀ ਕੁਝ ਵਿਸ਼ੇਸ਼ ਸਨਮਾਨ ਪ੍ਰਾਉਂਦੀ ਆਈ ਹੈ। ਭਾਵੇਂ ਪੰਜ ਦਰਿਆਵਾਂ ਦੇ ਦੇਸ਼ ਵਿੱਚ ਵਸਣ ਵਾਲੇ ਆਮ ਪੰਜਾਬੀ ਵੀ ਇਸ ਅੰਕ ਨਾਲ ਖਾਸ ਹਿੱਤ ਰੱਖਦੇ ਹਨ ਪ੍ਰੰਤੂ ਧਾਰਮਕਿ ਪੱਖ ਤੋਂ ਸਿੱਖਾਂ ਵਿੱਚ ਇਸ ਸੰਖਿਆ ਨੂੰ ਕੁਝ ਵਧੇਰੇ ਹੀ ਭਗਵਾਨ ਮੰਨ ਲਿਆ ਗਿਆ ਹੈ।

ਗੁਰੂ ਨਾਨਕ ਸਾਹਿਬ ਨੇ ਜਪੁਜੀ ਅੰਦਰ ਜੀਵਨ ਸਾਧਨਾ ਲਈ ਜਿਨ੍ਹਾਂ ਪੰਜ ਅਵਸਥਾਵਾਂ (ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸੱਚ ਖੰਡ) ਦਾ ਚਰਚਾ ਕੀਤਾ ਹੈ, ਉਸ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਪੰਥ ਦੀ ਸਾਜਨਾ ਕੀਤੀ ਤਾਂ ਉਸ ਸਮੇਂ ਪੰਜ ਪਿਆਰਿਆਂ ਦੀ ਚੋਣ ਉਪਰੰਤ, ਪੰਜ ਵਿਸ਼ੇਸ਼ ਬਾਣੀਆਂ ਦੇ ਪਾਠ ਦੁਆਰਾ ਅੰਮ੍ਰਿਤ ਬਣਾ ਕੇ ਪੰਜ-ਕਕਾਰੀ ਰਹਿਤ ਸਜਾ ਕੇ ਇਸ ਨੂੰ ਅੰਤਿਮ ਰੂਪ ਦਿੱਤਾ ਗਿਆ ਸੀ। ਦਰਅਸਲ ਭਾਰਤੀ ਸੰਸਕ੍ਰਿਤੀ ਵਿੱਚ ਪੰਜ ਜਾਂ ਪੰਚਾਇਤ ਦਾ ਜੋ ਮਹੱਤਵ ਸੀ, ਉਸ ਨੂੰ ਗੁਰੂ ਸਾਹਿਬ ਧਾਰਮਿਕ, ਸਮਾਜਕ ਤੇ ਰਾਜਨੀਤਕ ਸਾਰੇ ਖੇਤਰਾਂ ਵਿੱਚ ਵਰਤਦਾ ਦੇਖਣਾ ਚਾਹੁੰਦੇ ਸਨ, ਉਹ ਸ਼ਖਸੀ ਗੁਲਾਮੀ ਜਾਂ ਵਿਅਕਤੀਗਤ ਪੂਜਾ ਲਈ ਜ਼ਰਾ ਜਿੰਨੀ ਗੁੰਜਾਇਸ਼ ਨਹੀਂ ਸੀ ਰਹਿਣ ਦੇਣਾ ਚਾਹੁੰਦੇ, ਆਪ ਦੇ ਸਾਹਮਣੇ ਆਦਰਸ਼ ਸਪੱਸ਼ਟ ਸੀ ਕਿ ਮਨੁੱਖ-ਮਨੁੱਖ ਦਾ ਦਾਸ ਨਾ ਬਣੇ,ਇਹ ਮੁਨਾਸਬ ਨਹੀਂ:

**ਸਤਿਗੁਰ ਸਾਹਿਬ ਛਡ ਕੇ ਮਨਮੁਖ ਹੋਇ ਬੰਦੇ ਦਾ ਬੰਦਾ** (ਵਾਰਾਂ ਭਾਈ ਗੁਰਦਾਸ)

ਇਹ ਵਿਅਕਤੀ ਪੂਜਾ ਦਾ ਹੀ ਔਗੁਣ ਹੈ ਜੋ ਰਾਜਨੀਤਕ ਦੁਨੀਆਂ ਵਿੱਚ ਚੰਗੇਜ਼ ਜਾਂ ਹਿਟਲਰ ਬਣ ਕੇ ਫਸਾਦ ਖੜ੍ਹੇ ਕਰਦਾ ਹੈ ਅਤੇ ਜੇ ਇਹ ਧਾਰਮਿਕ ਖੇਤਰ ਵਿੱਚ ਪੈਰ ਆ ਪਾਵੇ ਤਾਂ ਗੁਰੂ ਦੰਭ ਦੇ ਪਾਸਾਰ ਪਸਾਰ ਕੇ ਸ਼ਿਕਾਰੀਆਂ ਵਾਂਗ ਮਾਨਸਿਕ ਦੁਨੀਆਂ ਦੇ ਜਾਲ ਤਣਦਾ ਰਹਿੰਦਾ ਹੈ ਇਸ ਲਈ ਧਰਮ ਨੂੰ ਲੋਕਤੰਤਰੀ ਤਰੀਕੇ ਤੇ ਢਾਲ ਕੇ ਜਨਵਾਦੀ ਬਣਾਉਣ ਦਾ ਮਨੋਰਥ ਇਹ ਸੀ ਕਿ ਸਾਰੀ ਜੀਵਨ-ਪ੍ਰਣਾਲੀ ਨੂੰ ਸਮੂਹਕ ਪ੍ਰਤਿਨਿਧਤਾ ਰਾਹੀਂ ਚਲਾਇਆ ਜਾਵੇ। ਪਰ ਇਸ ਤਰ੍ਹਾਂ ਗੁਰੂ ਦੀ ਪੰਚ ਪ੍ਰਧਾਨੀ ਪੰਥਕ ਪ੍ਰੰਪਰਾ ਤੇ ਲੋਕਤੰਤਰੀ ਪ੍ਰੰਪਰਾ ਵਿੱਚ ਭੇਦ ਸਪੱਸ਼ਟ ਕਰਨਾ ਜ਼ਰੂਰੀ ਹੈ। ਮੌਜੂਦਾ ਲੋਕਤੰਤਰ ਨਿਰੋਲ ਬਹੁ-ਸੰਮਤੀ ਤੇ ਅਧਾਰਤ ਹੈ, ਇਹ ਕੁਆਲਿਟੀ ਜਾ ਕੁਆਂਟਿਟੀ ਨੂੰ ਮੁੱਖ ਰੱਖਦਾ ਹੈ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਵੋਟਾਂ ਨਾਲ ਪੰਜ ਪਿਆਰਿਆਂ ਦੀ ਇਲੈਕਸ਼ਨ ਨਹੀਂ ਕਰਵਾਈ ਸਗੋਂ ਗੁਣਾਂ ਦੇ ਆਧਾਰ ਤੇ ਸਿਲੈਕਸ਼ਨ ਕੀਤੀ ਸੀ। ਇਸ ਭੇਦ ਨੂੰ ਕਦੀ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ। ਦੂਜੇ ਇਹ ਜ਼ਰੂਰੀ ਨਹੀਂ ਕਿ ਗੁਰੂ ਸੰਮਤੀ ਸਮੇਂ ਬਹੁ ਸੰਮਤੀ ਸਹੀ ਸੰਮਤੀ ਰੱਖਦੀ ਹੋਵੇ। ਕਈ ਵਾਰ ਧੜੇਬੰਦੀ ਕਰਨੋਂ ਵਰਜਦੀ ਹੈ। ਬ੍ਰਹਮਗਿਆਨੀਆਂ ਦੀ ਪੰਚ ਕੌਂਸਲ ਅਜਿਹਾ ਕਰ ਹੀ ਨਹੀਂ ਸਕਦੀ :

**ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ॥**



**ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ॥**
**ਬ੍ਰਹਮ ਗਿਆਨੀ ਸਦਾ ਸਮਦਰਸੀ॥**
**ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥** (ਅੰਗ ੨੭੨)

ਬਾਰ ਬਾਰ ਗੁਰ ਸੰਗਤ ਦੀ ਮਹਿਮਾ ਗਾਇਨ ਕਰਨ ਦਾ ਵੀ ਭਾਵ ਇਹੋ ਸੀ ਕਿ ਲੋਕ ਵਿਅਕਤੀਗਤ ਦਾਸਤਾ ਤੋਂ ਛੁਟਕਾਰਾ ਪਾ ਸਕਣ। ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਾਮ ਦੀ ਮਹਿਮਾ ਤੋਂ ਬਾਅਦ 'ਸੰਗਤ' ਦੀ ਵਡਿਆਈ ਦੀ ਥਾਂ-ਥਾਂ ਚਰਚਾ ਹੈ, ਇੱਥੋਂ ਤੱਕ ਕਿਹਾ ਹੈ ਕਿ ਜਿਸ ਰੱਬ ਨੂੰ ਤੁਸੀਂ ਮਿਲਣ ਦੀ ਅਭਿਲਾਸ਼ਾ ਰੱਖਦੇ ਹੋ, ਉਹ ਸੰਗਤ ਵਿੱਚ ਵਸਦਾ ਹੈ ਜਿਸ ਬੈਕੁੰਠ ਦੀ ਪ੍ਰਾਪਤੀ ਨੂੰ ਧਰਮ ਨੇ ਨਿਸ਼ਾਨਾ ਮੰਨਿਆ ਹੈ, ਉਹ ਵੀ ਸੰਗਤ ਹੀ ਹੈ। ਕਿਤਨਾ ਸਾਫਗੋਈ ਤੋਂ ਕੰਮ ਲਿਆ ਗਿਆ ਹੈ :

**ਵਿਚਿ ਸੰਗਤਿ ਹਰਿ ਪ੍ਰਭੁ ਵਸੇ ਜੀਉ॥** (ਅੰਗ

ਜਾਂ

**ਸਾਧਸੰਗਤਿ ਬੈਕੁੰਠੈ ਆਹਿ॥** (ਅੰਗ ੩੨੫)

**ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧਸੰਗਿ ਮੇਰੀ ਜਲਨਿ ਬੁਝਾਈ॥**(ਅੰਗ ੨੦੪)

"ਗੁਰੂ ਵੀਹ ਵਿਸਵੇ ਤੇ ਸੰਗਤ ਇੱਕੀ ਵਿਸਵੇ" ਦੀ ਅਖਉਤ ਵੀ ਇਸੇ ਸੰਕਲਪ ਨੂੰ ਮੂਰਤੀਮਾਨ ਕਰਦੀ ਹੈ। ਜ਼ਿਆਦਾ ਚਰਚਾ ਦੀ ਲੋੜ ਨਹੀਂ ਇੱਥੇ ਸੰਗਤਵਾਦ ਦੀ ਸੰਸਥਾ ਨੂੰ ਮਜ਼ਬੂਤ ਕਰਕੇ ਹੀ 'ਪੰਚ ਪ੍ਰਣਾਲੀ' ਨੂੰ ਚਲਾਇਆ ਗਿਆ ਸੀ। ਭਾਰਤੀ ਸੱਭਿਅਤਾ ਵਿੱਚ ਪੰਚ ਦਾ ਸੰਕਲਪ ਅੱਗੇ ਵੀ ਕੁਝ ਹੱਦ ਤੱਕ ਮੌਜੂਦ ਸੀ। ਗੁਰਬਾਣੀ ਵਿੱਚ ਆਏ ਸੰਕੇਤ ਇਸ ਦੀ ਪੁਸ਼ਟੀ ਕਰਦੇ ਹਨ :

**ਪੰਚ ਪਰਵਾਣ ਪੰਚ ਪਰਧਾਨੁ॥** (ਅੰਗ ੩)

**ਗੁਰਮਤਿ ਪੰਚ ਸਖੇ ਗੁਰ ਭਾਈ।** (ਅੰਗ ੧੦੪੦)

**ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ॥** (ਅੰਗ ੯੯੨)

**ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ॥** (ਅੰਗ ੯੯੮)

ਇਹ ਤਾਂ ਠੀਕ ਹੈ ਕਿ ਸਾਡੀ ਪੁਰਾਣੀ ਸੁਸਾਇਟੀ ਵਿੱਚ ਪੰਜਾਂ ਮੁਖੀਆਂ ਦੀ ਸਭਾ ਪਿੰਡਾਂ ਜਾਂ ਨਗਰਾਂ ਦਾ ਕੰਮ ਚਲਾਉਂਦੀ ਸੀ, ਜਿਸ ਨੂੰ ਪੰਚਾਇਣ ਜਾਂ ਪੰਚਾਇਤ ਕਿਹਾ ਜਾਂਦਾ ਸੀ। ਇਸ ਦਾ ਹਰ ਮੈਂਬਰ 'ਪੰਚ' ਕਹਾਉਂਦਾ ਸੀ। ਇਹੋ ਪੰਚ, ਫਿਰ ਮੁਖੀਏ ਦੇ ਅਰਥਾਂ ਵਿੱਚ ਵਰਤਿਆ ਜਾਣ ਲੱਗਾ, ਜਿਸ ਦੀ ਅੱਜ ਵੀ ਵਰਤੋ ਚੱਲ ਰਹੀ ਹੈ। ਗੁਰੂ ਸਾਹਿਬ ਵਿੱਚ ਵੀ ਪ੍ਰਵੇਸ਼ ਕਰਾਇਆ। ਗੁਰੂ ਗੋਬਿੰਦ ਸਿੰਘ ਜੀ ਦਾ ਪੰਜਾਂ ਪਿਆਰਿਆਂ ਨੂੰ ਗੁਰੂ ਰੂਪ ਵਿੱਚ ਸਵੀਕਾਰ ਕਰਕੇ ਉਨ੍ਹਾਂ ਤੋਂ ਆਪ ਅੰਮ੍ਰਿਤ ਪਾਨ ਕਰਨਾ ਪਹਿਲਾ ਬੁਨਿਆਦੀ ਕਦਮ ਸੀ। ਫਿਰ ਚਮਕੌਰ ਸਾਹਿਬ ਦੇ ਮੁਕਾਮ ਤੇ ਬਕਾਇਦਾ ਗੁਰਿਆਈ ਸੌਂਪਣਾ ਤੇ ਪੰਚਾਂ ਦੀ ਮਹਿਮਾਂ ਦਾ ਗਾਇਨ ਕਰਨਾ ਇਸ ਗੱਲ ਦਾ ਪ੍ਰਮਾਣ ਸੀ ਕਿ ਵਿਅਕਤੀਗਤ ਗੁਰਤਾ ਨੂੰ ਸੰਗਤ ਵਿੱਚ ਪੂਰੀ ਤਰ੍ਹਾਂ ਲੀਨ ਕਰ ਦਿੱਤਾ ਗਿਆ ਹੈ। ਭਾਈ

ਸੰਤੋਖ ਸਿੰਘ ਸਾਫ ਲਿਖਦੇ ਹਨ :

ਦਯਾ ਸਿੰਘ ਅਰ ਧਰਮ ਸਿੰਘ ਜੀ, ਮਾਨ ਸਿੰਘ ਤਜੋ ਬਰਬੀਰ।
ਸੰਗਤ ਸਿੰਘ ਸੰਤ ਸਿੰਘ ਪੰਚਮ, ਤਿਹੂੰ ਸ਼ਠਾਯੋ ਦੇ ਕਰ ਧੀਰ।
ਗੁਰਤਾ ਅਰਪਣ ਲਗੈ ਖਾਲਸੇ, ਪੰਚ ਸਿੰਘ ਤਿੰਗ ਸੋਹਿ ਸਰੀਰ।
ਪੰਚਹੁ ਮੈਂ ਨਿਤ ਵਰਤਤ ਮੈਂ ਹੋ, ਪੰਚ ਮਿਲਹਿ ਸੇ ਪੀਰਨ ਪੀਰ।
ਗੁਰ ਘਰ ਕੀ ਮਿਰਜਾਦਾ ਪੰਚਹੁ, ਪੰਚਹੁ ਪਾਹੁਲ ਪੂਰਬ ਪੀਨ।
ਹੁਇ ਤਨਖਾਹੀਆ ਬਖਸ਼ਹਿ ਪੰਚਹੁ, ਪਾਹੁਲ ਦੇ ਮਿਲ ਪੰਚ ਪ੍ਰਬੀਨ।
ਲਖਹੁ ਪੰਚ ਕੀ ਬਡ ਵਡਿਆਈ, ਪੰਵ ਕਰਹਿ ਸੋ ਨਿਫਲ ਨ ਚੀਨ।
ਭੋਜਨ ਛਾਦਨ ਪੰਚਨ ਅਰਪਹਿ, ਅਰਜ਼ ਕਰਹਿ ਤਿਨ ਬਾਂਛਤ ਲੀਨ।
ਇਮ ਪੰਚਨ ਕੀ ਮਹਿਮਾ ਕਹਿਕੇ, ਤੀਨ ਪਰਿਕ੍ਰਮਾਂ ਫਿਰ ਕਰ ਦੀਨ।
ਅਰਪੇ ਸਸਤ੍ਰੇ ਜਿਗਾ ਕਲਗੀ, ਨਿਜ ਕਰ ਸਿਰ ਬੰਧਨ ਕੀਨ।
ਸ਼ਸਤ੍ਰ ਗਾਤਰੇ ਤਬ ਪਹਿਰਾਏ, ਕਟਿ ਕਸਾਇ ਕਹਿ ਬਿਲਮ ਬਿਹੀਨ।
ਸ੍ਰੀ ਵਾਹਿਗੁਰੂ ਜੀ ਕਾ ਖਾਲਸਾ, ਫਤੇ ਵਾਹਿਗੁਰੂ ਜੀ ਕੀ ਚੀਨ।

(ਗੁਰੂ ਪ੍ਰਤਾਪ ਸੂਰਯ, ਰੁਤ 6 ਅਧਿਆ 41)

ਸੋ ਇਸ ਬਾਰੇ ਸੰਦੇਹ ਨਹੀਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੰਜਾਂ ਨੂੰ ਗੁਰਿਆਈ ਸੌਂਪ ਕੇ ਹਮੇਸ਼ਾਂ ਲਈ ਅਗਵਾਈ ਦੇ ਅਧਿਕਾਰ ਬਣਾ ਦਿੱਤਾ ਤੇ ਇਹੋ 'ਪੰਚ ਕੌਂਸਲ' ਬਾਬਾ ਬੰਦਾ ਸਿੰਘ ਬਹਾਦਰ ਦੀ ਸਰਗਰਮੀ ਸਮੇਂ ਰਹਿਨੁਮਾਈ ਕਰਦੀ ਰਹੀ। ਸਿੱਖ ਮਿਸਲਾਂ ਦੇ ਜ਼ਮਾਨੇ 'ਸਰਬਤ ਖਾਲਸਾ' ਦੀਵਾਲੀ ਵਿਸਾਖੀ ਨੂੰ ਇਕੱਤਰ ਹੁੰਦਾ ਤੇ ਮਿਸਲਾਂ ਦੇ ਮੁਖੀਏ ਮਿਲ ਕੇ ਜੋ ਫੈਸਲਾ ਕਰਦੇ, ਉਹੋ 'ਗੁਰਮਤਾ' ਕਿਹਾ ਜਾਂਦਾ ਸੀ ਪਰ ਜਾਪਦਾ ਇਹ ਹੈ ਕਿ "ਪੰਚ ਕੌਂਸਲ" ਵਾਲੀ ਰੀਤ ਸੀਮਤ ਹੋ ਗਈ ਸੀ । ਕੇਵਲ ਨਵੇਂ ਜਗਿਆਸੂ ਨੂੰ ਸਿੱਖ ਧਰਮ ਅੰਦਰ ਪ੍ਰਵੇਸ਼ ਕਰਾਉਣਾ ਹੀ ਪੰਚਾਂ ਦੇ ਅਧਿਕਾਰ ਦੀ ਗੱਲ ਰਹਿ ਗਈ ਸੀ, ਭਾਵੇਂ ਇਹ ਗੱਲ ਵੀ ਕਾਫੀ ਹੈ ਜਾਂ ਇਸ ਨੂੰ ਪੰਥਕ ਕੰਮਾਂ ਦੇ ਸਮੂਹ ਖੇਤਰਾਂ ਵਿਚ ਵੀ ਲਾਗੂ ਕਰਨਾ ਯੋਗ ਹੈ? ਮੈਂ ਸਮਝਦਾ ਹਾਂ ਕਿ ਇਸੇ ਉਦੇਸ਼ ਨੂੰ ਲੈ ਕੇ ਇਸ ਦੀ ਸਥਾਪਨਾ ਕੀਤੀ ਗਈ ਸੀ ।

ਲੋੜ ਇਸ ਗੱਲ ਦੀ ਹੈ ਕਿ ਕੌਮੀ ਤੇ ਕੋਮਾਂਤਰੀ ਮਸਲਿਆਂ ਦੀ ਸੁਝ ਬੂਝ ਵਾਲੇ ਸ੍ਰੇਸ਼ਟਚਾਰੀ ਪੰਚ ਹੀ ਸਿੱਖ ਪੰਥ ਦੀ ਅਗਵਾਈ ਕਰ ਸਕਦੇ ਹਨ ਤੇ ਲੋੜ ਹੈ ਇਸ ਕਿਸਮ ਦੀ ਸਰਬ ਕਲਾ ਸਮਰੱਥ 'ਪੰਚ ਕੌਂਸਲ' ਦੀ ਸਥਾਪਨਾ ਦੀ। ਇਹ ਕਿਵੇਂ ਹੋਵੇ, ਇਸ ਬਾਰੇ ਸਿੱਖ ਮੱਤ ਦੇ ਵਿਦਵਾਨ ਤੇ ਸਿੱਖ ਕਾਨੂੰਨ ਦਾ ਗੁਰਮਤਿ ਅਨੁਸਾਰੀ ਵਿਧੀ ਵਿਉਂਤ ਸਕਦੇ ਹਨ ।

♣♣♣♣♣♣♣



# ਅਜੂਬ ਖਾਂ ਉਤੇ ਕਰਾਮਾਤ ਮੂਲਮੰਤਰ ਦੀ

ਡਾ. ਅਨੋਖ ਸਿੰਘ, ਬਠਿੰਡਾ

ਸ. ਮੇਹਰਬਾਨ ਸਿੰਘ ਜੀ ਇੱਕ ਨਾਮੀ ਸ਼ਖਸੀਅਤ ਹੋਏ ਹਨ। ਸੱਤਰਵਿਆਂ ਦੇ ਦਹਾਕੇ ਵਿੱਚ ਉਨ੍ਹਾਂ ਮੈਨੂੰ ਇੱਕ ਘਟਨਾ ਸੁਣਾਈ। ਕਹਿੰਦੇ ਅਸੀਂ ਪਾਕਿਸਤਾਨ ਗੁਰਦੁਆਰਿਆਂ ਦੇ ਦਰਸ਼ਨਾਂ ਨੂੰ ਗਏ। ਜਨਰਲ ਅਜੂਬ ਖਾਂ ਉਹਨੀ ਦਿਨੀਂ ਪਾਕਿਸਤਾਨ ਦੇ ਰਾਸ਼ਟਰਪਤੀ ਸਨ। ਉਨ੍ਹਾਂ ਸਾਨੂੰ ਆਪਣੇ ਘਰ ਚਾਹ ਪਾਣੀ ਵਾਸਤੇ ਸੱਦਿਆ। ਜਦੋਂ ਅਸੀਂ ਉਨ੍ਹਾਂ ਦੇ ਡਰਾਇੰਗ ਰੂਮ ਵਿੱਚ ਵੜੇ ਤਾਂ ਮੈਂ ਸਾਹਮਣੀ ਦੀਵਾਰ ਦੇਖ ਕੇ ਹੱਕਾ ਬੱਕਾ ਰਹਿ ਗਿਆ। ਉਸ ਉਪਰ ਪੇਂਟਿੰਗ ਨਾਲ ਲਿਖਿਆ ਹੋਇਆ ਸੀ "ੴ ਸਤਿਗੁਰ ਪ੍ਰਸਾਦਿ" ਤੇ ਇਸਦੇ ਹੇਠਾਂ ਦੋ ਫਰੇਮ ਲਟਕ ਰਹੇ ਸਨ, ਇੱਕ ਫਰੇਮ ਵਿੱਚ ਪੰਜਾਬੀ ਵਿੱਚ ਅਤੇ ਦੂਸਰੇ ਫਰੇਮ ਵਿੱਚ ਉਰਦੂ ਵਿੱਚ ਮੂਲ ਮੰਤਰ ਲਿਖਿਆ ਹੋਇਆ ਸੀ। ਸਾਡੀ ਰਸਮੀ ਗੱਲ ਬਾਤ ਸ਼ੁਰੂ ਹੋਈ। ਮੈਨੂੰ ਮੂਲ ਮੰਤਰ ਬਾਰੇ ਜਾਨਣ ਦੀ ਬੜੀ ਕਾਹਲੀ ਸੀ, ਮੈਂ ਗੱਲਾਂ ਨੂੰ ਵਿਚਾਲੇ ਟੋਕ ਕੇ ਪੁੱਛ ਹੀ ਲਿਆ। ਜਨਰਲ ਸਾਹਿਬ ਜੇਕਰ ਆਪ ਇਜ਼ਾਜ਼ਤ ਦੇਵੋ ਤਾਂ ਮੈਂ (ਇਸ਼ਾਰਾ ਕਰਕੇ) ਇਸ ਮੂਲ ਮੰਤਰ ਬਾਰੇ ਜਾਨਣਾ ਚਾਹੁੰਦਾ ਹਾਂ। ਉਨ੍ਹਾਂ ਇੱਕ ਮਿੰਟ ਲਈ ਚੁੱਪੀ ਸਾਧੀ ਤੇ ਫਿਰ ਬੋਲੇ, "ਇਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਕਲਾਮ ਹੀ ਹੈ, ਜਿਸਦੇ ਸਹਾਰੇ ਅੱਜ ਮੈਂ ਰਾਸ਼ਟਰਪਤੀ ਦੀ ਪਦਵੀ ਤੱਕ ਪਹੁੰਚਿਆ ਹਾਂ।"

ਉਨ੍ਹਾਂ ਦੱਸਿਆ ਕਿ ਮੈਂ ਐਬਟਾਬਾਦ 'ਚ ਪੜ੍ਹਿਆ ਕਰਦਾ ਸੀ। ਸਭ ਤੋਂ ਨਾਲਾਇਕ ਵਿਦਿਆਰਥੀ ਹੋਣ ਕਰਕੇ ਮੈਨੂੰ ਹਰ ਰੋਜ਼ ਕਲਾਸ ਵਿੱਚ ਕੁੱਟ ਪੈਂਦੀ ਸੀ। ਇੱਕ ਦਿਨ ਮੈਂ ਸੋਚਿਆ ਕਿ ਅੱਜ ਸਕੂਲ ਨਹੀਂ ਜਾਂਦੇ ਰਸਤੇ ਵਿੱਚ ਗੁਰਦੁਆਰਾ ਸਾਹਿਬ ਸੀ, ਮੈਂ ਲੁਕਣ ਵਾਸਤੇ ਗੁਰਦੁਆਰਾ ਸਾਹਿਬ ਵਿੱਚ ਚਲਾ ਗਿਆ। ਗੁਰਦੁਆਰੇ ਦੇ ਬਾਬਾ ਜੀ ਮੈਨੂੰ ਜਾਣਦੇ ਸਨ, ਉਹ ਕਹਿੰਦੇ, 'ਜੂਬਿਆ ਕਿੱਧਰ ਤੁਰਿਆ ਫਿਰਦਾ ਹੈਂ। ਤੇਰਾ ਤਾਂ ਸਕੂਲ ਦਾ ਸਮਾਂ ਹੈ। ਮੈਂ ਕਿਹਾ ਬਾਬਾ ਜੀ ਮੈਂ ਸਕੂਲ ਨਹੀਂ ਜਾਂਦਾ, ਮੈਨੂੰ ਰੋਜ਼ ਕੁੱਟ ਪੈਂਦੀ ਹੈ, ਮੈਥੋਂ ਕੁੱਟ ਨਹੀਂ ਖਾਧੀ ਜਾਂਦੀ। ਉਨ੍ਹਾਂ ਮੈਨੂੰ ਪਿਆਰ ਨਾਲ ਬੁੱਕਲ ਵਿੱਚ ਲੈ ਕੇ ਸਮਝਾਇਆ ਤੇ ਕਹਿੰਦੇ ਤੈਨੂੰ ਅੱਜ ਤੋਂ ਬਾਅਦ ਕੁੱਟ ਨਹੀਂ ਪਏਗੀ, ਤੂੰ ਏਦਾਂ ਕਰੀਂ, ਜਦੋਂ ਸਕੂਲ ਜਾਇਆ ਕਰੇਂ ਤਾਂ ਮੂਲ ਮੰਤਰ ਦਾ ਪਾਠ ਕਰੀ ਜਾਇਆ ਕਰ। ਮੈਂ ਮੂਲ ਮੰਤਰ ਦਾ ਪਾਠ ਕਰਦਾ ਸਕੂਲ ਚਲਾ ਗਿਆ। ਅੱਜ ਪਹਿਲਾ ਦਿਨ ਸੀ ਕਿ ਮੈਨੂੰ ਕੁੱਟ ਨਹੀਂ ਪਈ। ਮੈਂ ਹਰ ਰੋਜ਼ ਮੂਲ ਮੰਤਰ ਦਾ ਪਾਠ ਸਕੂਲ ਜਾਂਦਿਆਂ ਕਰਨਾ ਸ਼ੁਰੂ ਕਰ ਦਿੱਤਾ, ਉਸ ਦਿਨ ਤੋਂ ਬਾਅਦ ਮੈਨੂੰ ਕਦੀ ਵੀ ਸਕੂਲ ਵਿੱਚ ਮਾਰ ਨਹੀਂ ਪਈ।

ਇਮਤਿਹਾਨਾਂ ਦੇ ਦਿਨ ਆ ਗਏ, ਮੈਂ ਬਾਬਾ ਜੀ ਪਾਸ ਬੇਨਤੀ ਕੀਤੀ ਕਿ ਬਾਬਾ ਜੀ ਕਿਰਪਾ ਕਰੋ ਮੈਂ ਪਾਸ ਹੋ ਜਾਵਾਂ। ਬਾਬਾ ਜੀ ਕਹਿੰਦੇ 'ਜੂਬਿਆ, ਬਾਬੇ ਨਾਨਕ ਦਾ ਕਲਾਮ (ਮੂਲ ਮੰਤਰ) ਤੈਨੂੰ ਦਿੱਤਾ ਹੈ, ਇਸਦਾ ਸਹਾਰਾ ਨਾ ਛੱਡੀਂ। ਜਾਹ, ਜਿਸ ਵੀ ਪਦਵੀ ਤੇ ਪਹੁੰਚਣਾ ਚਾਹੇਂ ਪਹੁੰਚ ਜਾਵੇਂਗਾ।' ਮੈਂ ਤਾਂ ਇਸੇ ਬਾਬੇ ਨਾਨਕ ਦੇ ਕਲਾਮ ਦੇ ਸਹਾਰੇ ਅੱਜ ਇੱਥੇ ਤੱਕ ਪਹੁੰਚਿਆ ਹਾਂ।

ਸੰਨ 2000 ਵਿੱਚ ਮੈਨੂੰ ਪਾਕਿਸਤਾਨ ਵਿੱਚ ਜਾਣ ਦਾ ਸਬੱਬ ਮਿਲਿਆ। ਲਾਹੌਰ ਦੇ ਬਾਜ਼ਾਰ ਵਿੱਚ ਮੈਂ ਘੁੰਮ ਰਿਹਾ ਸੀ, ਅਚਨਚੇਤ ਅਯੂਬ ਖਾਂ ਦੀ ਇਹ ਘਟਨਾ ਯਾਦ ਆਈ। ਮੈਂ ਇੱਕ ਕਿਤਾਬਾਂ ਦੀ ਦੁਕਾਨ 'ਚ ਚਲਾ ਗਿਆ ਤੇ ਆਯੂਬ ਖਾਂ ਦੀ ਆਟੋ ਬਾਇਓਗਰਾਫੀ ਮੰਗੀ। ਬੁੱਕ ਸੈਲਰ ਨੇ ਇੱਕ ਕਿਤਾਬ, ਜਿਸਦਾ ਨਾਂਅ ਸੀ 'ਫਰੈਂਡਸ, ਨਾਟ ਮਾਸਟਰਸ' ਮੇਰੇ ਸਾਹਮਣੇ ਰੱਖੀ। ਮੈਂ ਇਸ ਪੁਸਤਕ ਦੇ ਵਰਕੇ ਫਰੋਲੇ ਤੇ ਸ. ਮਿਹਰਬਾਨ ਸਿੰਘ ਦੀ ਦੱਸੀ ਹੋਈ ਘਟਨਾ ਦੀ ਤਸੱਲੀ ਕੀਤੀ। ਪ੍ਰਿੰਸੀਪਲ ਸਤਬੀਰ ਸਿੰਘ ਹੁਰਾਂ ਨੇ ਵੀ ਇੱਕ ਥਾਂ ਤੇ ਅਯੂਬ ਖਾਂ ਦੀ ਇਸ ਘਟਨਾ ਦਾ ਵਰਣਨ ਆਪਣੀ ਕਿਤਾਬ ਵਿੱਚ ਕੀਤਾ ਹੈ।

♣♣♣♣♣♣♣

# ਸ਼ਬਦ ਅਤੇ ਅੰਤਹਕਰਣ : ਗੁਰਮਤਿ ਪਰਿਪੇਖ

ਡਾ. ਗੁਲਜ਼ਾਰ ਸਿੰਘ ਕੰਗ *

ਸ਼ਬਦ ਇੱਕ ਉਚੇਰਾ ਧਰਮ ਵਿਗਿਆਨਿਕ ਸੰਕਲਪ ਹੈ ਜਿਸਨੂੰ ਪਰਿਭਾਸ਼ਿਤ ਕਰਨਾ ਔਖਾ ਹੀ ਨਹੀਂ ਸਗੋਂ ਅਸੰਭਵ ਵੀ ਹੈ। ਇਹ ਮਹਾਂਚੇਤਨਾ ਦੀ ਉਹ ਅਤਿ ਸੂਖਮ ਪਰ ਅਤਿ ਬਲਵਾਨ ਧਾਰਾ ਹੈ ਜੋ ਇੱਕੋ ਵੇਲੇ ਹੁਕਮ ਵੀ ਹੈ, ਨਾਮ ਵੀ ਅਤੇ ਪ੍ਰਭੂ ਦੀ ਕਰਤਾਰਤਾ ਦਾ ਨਿਸ਼ਾਨ ਵੀ ਹੈ। ਇਹ ਕਰਤੇ ਦੀ ਆਪਣੀ ਸਿਰਜਣਾ ਪ੍ਰਤੀ ਸ੍ਵੈ-ਪ੍ਰਗਟਾਓ ਵੀ ਹੈ ਅਤੇ ਸਿਰਜਕ ਤੇ ਸਿਰਜਣਾ ਵਿਚਕਾਰ ਸੁਨਹਿਰੀ ਪੁਲ ਵੀ ਹੈ। ਅਸਲ ਵਿੱਚ ਸ਼ਬਦ ਪਾਰਬ੍ਰਹਮ ਪਰਮਾਤਮਾ ਆਪ ਹੀ ਹੈ। ਸੰਸਾਰ ਦੀ ਰਚਨਾ ਤੋਂ ਪਹਿਲਾਂ ਇਹ ਅਨਾਮ, ਅਲੱਖ, ਅਕੱਥ ਅਤੇ ਗੁਪਤ ਸੀ। ਸੰਸਾਰ ਦੀ ਰਚਨਾ ਨਾਲ ਇਹ ਹਰੇਕ ਜੀਵ ਦੇ ਅੰਦਰ ਅਤੇ ਸ੍ਰਿਸ਼ਟੀ ਦੇ ਕਣ-ਕਣ ਵਿੱਚ ਵਸ ਰਿਹਾ ਹੈ। ਗੁਰੂ ਕਿਰਪਾ ਰਾਹੀਂ ਜਦ ਅੰਤਹਕਰਣ ਸ਼ੁੱਧ ਤੇ ਨਿਰਮਲ ਹੋ ਜਾਂਦਾ ਹੈ ਤਾਂ ਇਸਦਾ ਰਹੱਸ ਖੁੱਲ੍ਹ ਜਾਂਦਾ ਹੈ।

ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਅੰਤਹਕਰਣ ਕੀ ਹੈ ਤਾਂ ਹੀ ਅਸੀਂ ਸ਼ਬਦ ਅਤੇ ਅੰਤਹਕਰਣ ਦੇ ਗੁਰਮਤਿ ਪਰਿਪੇਖ ਨੂੰ ਗੁਰਬਾਣੀ ਦੀ ਲੋਅ ਵਿੱਚ ਸਮਝ ਸਕਦੇ ਹਾਂ। ਅੰਤਹਕਰਣ ਪਿੰਡ (ਸਰੀਰ) ਦੇ ਅੰਤਰ-ਜਗਤ ਵਿੱਚ ਵਿਆਪਕ ਅਧਿਆਤਮਿਕ ਖੇਤਰ ਹੈ। ਅੰਤਹ ਦਾ ਅਰਥ ਅੰਤਸ ਅਤੇ ਕਰਣ ਦਾ ਅਰਥ ਹੈ ਕਿਰਿਆ, ਇੰਦਰੀ ਜਾਂ ਏਜੰਸੀ ਹਨ। ਇਵੇਂ ਅੰਤਹਕਰਣ ਸਰੀਰ ਦੇ ਅੰਦਰ ਦਾ ਸਾਧਨ ਹੈ ਜਿਸ ਰਾਹੀਂ ਜੀਵ ਦੇ ਸੰਕਲਪ-ਵਿਕਲਪ ਸੰਪੰਨ ਹੁੰਦੇ ਹਨ।[1] ਭਾਰਤੀ ਦਰਸ਼ਨ ਵਿੱਚ ਅੰਤਹਕਰਣ ਉਹ ਮਾਧਿਅਮ ਹੈ ਜਿਸ ਦੁਆਰਾ ਆਤਮਾ ਵਸਤੂਆਂ ਦਾ ਗਿਆਨ ਪ੍ਰਾਪਤ ਕਰਦੀ ਹੈ ਅਤੇ ਇਸ ਗਿਆਨ ਪ੍ਰਾਪਤ ਕਰਨ ਦੀ ਪ੍ਰਕਿਰਿਆ ਰਾਹੀਂ ਜੋ ਹਿਲਜੁਲ ਪੈਦਾ ਹੁੰਦੀ ਹੈ, ਉਸਦੇ ਫਲਸਰੂਪ ਚਾਰ ਬਿਰਤੀਆਂ ਮਨ, ਚਿੱਤ, ਬੁੱਧੀ ਅਤੇ ਅਹੰਕਾਰ ਪੈਦਾ ਹੁੰਦੀਆਂ ਹਨ।[2] ਇਵੇਂ ਮਨ, ਚਿੱਤ, ਬੁੱਧੀ ਅਤੇ ਅਹੰਕਾਰ ਦਾ ਮਿਲਾਪ ਅੰਤਹਕਰਣ ਹੈ। ਗੁਰਬਾਣੀ ਵਿੱਚ ਇਸ ਲਈ 'ਜੀਅੜਾ'[3] ਸ਼ਬਦ ਵੀ ਵਰਤਿਆ ਗਿਆ ਹੈ। ਕਾਨ੍ਹ ਸਿੰਘ ਨਾਭਾ[4] ਅਨੁਸਾਰ ਅੰਤਰ ਦੀ ਇੰਦਰੀ (ਇੰਦ੍ਰਿਯ) ਜਿਸਦੇ ਸੰਯੋਗ ਨਾਲ ਬਾਹਰਲੀਆਂ ਇੰਦਰੀਆਂ ਕਾਰਜ ਕਰਦੀਆਂ ਹਨ, ਅੰਤਹਕਰਣ ਹੈ। ਸੋ ਅੰਤਹਕਰਣ ਸਰੀਰ ਅੰਦਰ ਕੰਮ ਕਰਦੇ ਮਨ, ਚਿੱਤ, ਬੁੱਧ ਅਤੇ ਅਹੰਕਾਰ ਦਾ ਸਮੁੱਚ ਹੈ। ਸੰਸਾ, ਯਾਦ, ਨਿਸ਼ਚਾ ਅਤੇ ਗਰਵ ਕ੍ਰਮਵਾਰ ਇਸਦੀਆਂ ਬਿਰਤੀਆਂ ਹਨ। ਅੰਤਹਕਰਣ ਇੰਦਰੀਆਂ ਰਾਹੀਂ ਬਾਹਰਮੁਖੀ ਵਾਸ਼ਨਾਵਾਂ ਦਾ ਸ਼ਿਕਾਰ ਹੋ ਕੇ ਮੈਲਾ ਹੋ ਜਾਂਦਾ ਹੈ। ਗੁਰੂ-ਕਿਰਪਾ ਰਾਹੀਂ ਨਾਮ/ਸ਼ਬਦ ਨਾਲ ਜੋੜ ਕੇ ਇਸਨੂੰ ਸ਼ੁੱਧ ਕੀਤਾ ਜਾਂਦਾ ਹੈ ਅਤੇ ਸ਼ੁੱਧ ਅੰਤਹਕਰਣ ਰਾਹੀਂ ਹੀ ਆਤਮ ਪਹਿਚਾਣ ਹੁੰਦੀ ਹੈ। ਇਵੇਂ ਅੰਤਹਕਰਣ ਆਤਮਾ ਦੇ ਦਿੱਗ-ਦਰਸ਼ਨ ਕਰਨ ਵਾਲਾ ਸ਼ੀਸ਼ਾ ਹੈ। ਇਸਨੂੰ ਪੂਰਨ ਰੂਪ ਵਿੱਚ ਸਮਝਣ ਲਈ ਇਸ ਦੇ ਚਾਰ ਅੰਗਾਂ ਨੂੰ ਵਿਚਾਰਨਾ ਜ਼ਰੂਰੀ ਹੈ।

## (1) ਮਨ

ਅੰਤਹਕਰਣ ਦੀ ਸੰਕਲਪ-ਵਿਕਲਪ ਦੀ ਅਵਸਥਾ ਮਨ ਹੈ। ਇਹ ਮਨੁੱਖ ਦੀ ਉਹ ਸ਼ਕਤੀ ਹੈ, ਜਿਸ ਦੁਆਰਾ ਵੇਦਨਾ, ਸੰਕਲਪ, ਇੱਛਾ, ਦਵੈਖ, ਭੈਅ, ਲੱਜਾ, ਪ੍ਰਗਿਆ, ਬੋਧ ਅਤੇ ਵਿਚਾਰ ਦਾ ਅਨੁਭਵ ਹੁੰਦਾ ਹੈ।[5] ਮਨ ਦੀ ਅਦਿੱਖ ਸ਼ਕਤੀ ਦੀ ਚਰਚਾ ਸਾਰੀਆਂ ਧਰਮ ਪਰੰਪਰਾਵਾਂ ਵਿੱਚ ਹੋਈ ਹੈ।

ਭਾਰਤੀ ਪਰੰਪਰਾ ਅਨੁਸਾਰ ਮਨ (ਪਿੰਡ) ਸਰੀਰ ਦਾ ਅਭੌਤਿਕ ਅੰਸ਼ ਹੈ। ਇਹ ਇੰਦਰੀਆਂ ਦੀ ਸੰਚਾਲਨ ਸ਼ਕਤੀ ਹੈ। ਮਨ ਚੰਚਲ, ਬਲਵਾਨ ਅਤੇ ਨਾ-ਕਾਬੂ ਆਉਣ ਵਾਲਾ ਹੈ। ਸ਼ੁੱਧ ਸਰੂਪ

* ਔਸਟੀ ਕਲੋਨੀ, ਡਾ. ਪ੍ਰਤਾਪ ਨਗਰ, ਨੰਗਲ ਡੈਮ (ਜਿਲ੍ਹਾ ਰੋਪੜ)-140125



ਵਿੱਚ ਇਹ ਆਤਮਾ ਦਾ 'ਦੇਵ-ਨੇਤਰ' ਹੈ, ਪਰ ਅਸ਼ੁੱਧ ਰੂਪ ਵਿੱਚ ਆਤਮਾ ਨੂੰ ਕੁਰਾਹੇ ਪਾਉਂਦਾ ਹੈ। ਬ੍ਰਿਹਦਾਰਣਿਅਕ ਉਪਨਿਸ਼ਦ[6] ਵਿੱਚ ਆਉਂਦਾ ਹੈ ਕਿ ਜੋ ਕੁਝ ਵੀ ਗਿਆਨ ਯੋਗ ਹੈ, ਉਹ ਮਨ ਦਾ ਰੂਪ ਹੈ। ਇਹ ਸਾਰੀਆਂ ਇੰਦਰੀਆਂ ਦਾ ਆਗੂ ਹੈ। ਕਠੋ-ਉਪਨਿਸ਼ਦ[7] ਵਿੱਚ ਸਰੀਰ ਨੂੰ ਰੱਥ ਆਤਮਾ ਨੂੰ ਰਥਵਾਨ, ਬੁੱਧੀ ਨੂੰ ਚਾਲਕ ਅਤੇ ਮਨ ਨੂੰ ਘੋੜੇ ਦੀ ਉਪਮਾ ਦਿੱਤੀ ਗਈ ਹੈ। ਜੇਕਰ ਇਹ ਘੋੜਾ ਬੁੱਧੀ ਦੇ ਕੰਟਰੋਲ ਹੇਠ ਹੈ ਤਾਂ ਰੱਥ ਨੂੰ ਠੀਕ ਰਸਤੇ ਉਪਰ ਲਿਜਾਵੇਗਾ। ਜੇ ਇਹ ਨਿਯੰਤਰਣ ਖ਼ਤਮ ਹੋ ਜਾਵੇ ਤਾਂ ਔਝੜ ਰਾਹੇ ਵੀ ਪੈ ਸਕਦਾ ਹੈ। ਇਸੇ ਵਿਚਾਰ ਨੂੰ 'ਗੀਤਾ' ਦੇ ਛੇਵੇਂ ਅਧਿਆਇ ਵਿੱਚ 12ਵੇਂ ਤੋਂ 47ਵੇਂ ਸਲੋਕ ਤੱਕ ਦੁਹਰਾਇਆ ਗਿਆ ਹੈ। ਸ੍ਵੇਤਾ ਸ੍ਵਤਰ ਉਪਨਿਸ਼ਦ[8] ਵਿੱਚ ਆਉਂਦਾ ਹੈ ਕਿ ਮਨ ਤੇ ਆਤਮਾ ਸਰੀਰ ਰੂਪੀ ਰੁੱਖ ਉਪਰ ਬੈਠੇ ਮਿੱਤਰ ਭਾਵ ਵਾਲੇ ਪੰਛੀ ਹਨ। ਆਤਮਾ ਰੁੱਖ ਦੀ ਮਾਲਕ ਹੈ। ਮਨ ਰੂਪੀ ਪੰਛੀ ਰੁੱਖ ਦੇ ਫਲ ਖਾਈ ਜਾ ਰਿਹਾ ਹੈ ਪਰ ਆਤਮਾ ਚੁੱਪ-ਚਾਪ ਦੇਖੀ ਜਾ ਰਹੀ ਹੈ।

ਬੁੱਧ ਅਤੇ ਜੈਨ ਮੱਤ ਵਿੱਚ ਮਨ ਨੂੰ ਛੇਵੀਂ ਇੰਦਰੀ ਪ੍ਰਵਾਨ ਕੀਤਾ ਗਿਆ ਹੈ। ਵੈਸ਼ੇਸ਼ਕ-ਦਰਸ਼ਨ[9] ਅਨੁਸਾਰ ਮਨ ਅਣੂ ਜਾਂ ਪਰਮਾਣੂ ਹੈ ਪਰ ਆਤਮਾ ਵਾਂਗ ਅਮਰ ਨਹੀਂ ਹੈ। ਨਿਆਇ-ਦਰਸ਼ਨ[10] ਅਨੁਸਾਰ ਇਹ ਇੰਦਰੀਆਂ ਅਤੇ ਆਤਮਤਾ ਵਿਚਕਾਰ ਦੂਤ ਦਾ ਕੰਮ ਕਰਦਾ ਹੈ। ਗੋਰਖ ਮਨ ਨੂੰ ਸ਼ਿਵ ਅਤੇ ਸ਼ਕਤੀ ਦੋਵੇਂ ਮੰਨਦਾ ਹੈ। ਜੇਕਰ ਇਹ ਮਨ ਉਨਮਨ ਦੀ ਅਵਸਥਾ ਵਿੱਚ ਹੋਵੇ ਤਾਂ ਇਸਨੂੰ ਤਿੰਨ ਲੋਕਾਂ ਦੀ ਸੋਝੀ ਹੁੰਦੀ ਹੈ।[11]

ਗੁਰਮਤਿ ਅਨੁਸਾਰ ਮਨ ਦੀ ਉਤਪਤੀ ਪੰਜ ਤੱਤਾਂ (ਇਹ ਮਨ ਪੰਚ ਤੱਤ ਤੇ ਜਨਮਾ)[12] ਤੋਂ ਮੰਨੀ ਗਈ ਹੈ। ਸਾਧਨਾ ਦੇ ਪੱਖੋਂ ਮਨ ਦਾ ਮਨੁੱਖੀ ਸਰੀਰ ਵਿੱਚ ਬਹੁਤ ਮਹੱਤਵ ਹੈ। ਗੁਰੂ ਨਾਨਕ ਦੇਵ ਜੀ ਦੁੱਧ ਤੋਂ ਮੱਖਣ ਤਿਆਰ ਕਰਨ ਦੀ ਪ੍ਰਕਿਰਿਆ ਦਾ ਅਲੰਕਾਰ ਵਰਤ ਕੇ ਸਮਝਾਉਂਦੇ ਹਨ ਕਿ ਪਹਿਲਾਂ ਮਨ ਰੂਪੀ ਭਾਂਡੇ ਨੂੰ ਸਾਫ਼ ਅਤੇ ਸ਼ੁੱਧ ਕਰਕੇ ਦੁੱਧ ਲੈਣ ਜਾਓ। ਦੁੱਧ ਸਾਡੇ ਕਰਮ ਹਨ ਜਿਨ੍ਹਾਂ ਨੂੰ ਜੁਗਤਿ ਦੀ ਜਾਗ ਲਾ ਕੇ ਜਮਾਇਆ ਜਾਂਦਾ ਹੈ। ਜੇਕਰ ਮਨ ਦੀ ਈਟੀ (ਨੇਤਰੇ ਦੀ ਰੱਸੀ ਦੀਆਂ ਗੁੱਲੀਆਂ) ਬਣਾ ਕੇ ਹੱਥਾਂ ਵਿੱਚ ਫੜ ਕੇ ਨਾਮ ਸਿਮਰਨ ਦੀ ਮਧਾਣੀ ਘੁਮਾਈ ਜਾਵੇ ਤਾਂ ਦੁੱਧ ਵਿੱਚੋਂ ਮੱਖਣ ਤਿਆਰ ਹੋ ਜਾਂਦਾ ਹੈ।[13] ਇਵੇਂ ਮਨ ਪਰਮ ਸਤਿ ਦੀ ਪ੍ਰਾਪਤੀ ਵਿੱਚ ਇੱਕ ਕੜੀ (Factor) ਹੈ।

ਗੁਰਬਾਣੀ ਵਿੱਚ ਮਨ ਦੀ ਬਿਰਤੀ ਨੂੰ ਉਜਾਗਰ ਕਰਨ ਲਈ ਇਸਨੂੰ ਸਰੀਰ ਰੂਪੀ ਦਰੱਖ਼ਤ ਤੇ ਬੈਠੇ ਉਸ ਪੰਛੀ ਨਾਲ ਉਪਮਾ ਦਿੱਤੀ ਗਈ ਹੈ ਜੋ ਪੰਜ ਹੋਰ ਪੰਛੀਆਂ (ਗਿਆਨ ਇੰਦਰੀਆਂ) ਨਾਲ ਪਰਮ ਤੱਤ ਦਾ ਚੋਗ ਚੁਣਦਾ ਹੈ। ਅਜਿਹਾ ਕਰਦਾ ਹੋਇਆ ਇਹ ਪੰਛੀ ਸੰਸਾਰਿਕ ਬੰਧਨਾਂ ਵਿੱਚ ਨਹੀਂ ਫਸਦਾ। ਪਰ ਜੇਕਰ ਇਹ ਪਰਮ ਤੱਤ ਦਾ ਚੋਗ ਛੱਡਕੇ ਵਾਸ਼ਨਾਵਾਂ ਰੂਪੀ ਚੋਗੇ ਵੱਲ ਭੱਜੇ ਤਾਂ ਇਸਦੇ ਖੰਭ ਟੁੱਟ ਜਾਂਦੇ ਹਨ ਅਤੇ ਇਹ ਔਗੁਣਾਂ ਦਾ ਸ਼ਿਕਾਰ ਹੋ ਜਾਂਦਾ ਹੈ। ਗੁਰੂ ਦੀ ਕਿਰਪਾ ਹੀ ਇਸਤੋਂ ਛੁਟਕਾਰਾ ਦਿਵਾ ਸਕਦੀ ਹੈ।[14] ਇਨ੍ਹਾਂ ਉਦਾਹਰਨਾਂ ਵਿੱਚੋਂ ਸਪੱਸ਼ਟ ਹੁੰਦਾ ਹੈ ਕਿ ਜੇਕਰ ਮਨ ਨੂੰ ਸਾਧਨਾ ਦਾ ਹਿੱਸਾ ਬਣਾਇਆ ਜਾਵੇ ਤਾਂ ਇਹ ਪਰਮ ਸਤਿ ਦੀ ਪ੍ਰਾਪਤੀ ਦਾ ਸਭ ਤੋਂ ਮਹੱਤਵਪੂਰਨ ਸਾਧਨ ਹੈ।

ਮਨ ਦੀ ਸਰੀਰ ਵਿੱਚ ਸਥਿਤੀ ਅਜੀਬ ਹੈ। ਇਸਦੇ ਦੋ ਸਿਰੇ ਹਨ। ਹੇਠਲਾ ਸਿਰਾ ਭੌਤਿਕ ਸਰੀਰ ਨਾਲ ਜੁੜਿਆ ਹੋਇਆ ਹੈ ਜੋ ਇੰਦਰੀਆਂ ਰਾਹੀਂ ਵਾਸ਼ਨਾਵਾਂ ਦਾ ਸ਼ਿਕਾਰ ਹੋ ਜਾਂਦਾ ਹੈ। ਇਹ ਮਨ ਦਾ ਚੰਚਲ ਸਰੂਪ ਹੈ ਅਤੇ ਇਸਨੂੰ 'ਇਨਮਨ' ਕਿਹਾ ਗਿਆ ਹੈ। ਦੂਸਰਾ ਸਿਰਾ ਬੁੱਧੀ ਰਾਹੀਂ ਆਤਮਾ ਨਾਲ ਜੁੜਦਾ ਹੈ। ਇਸ ਸਰੂਪ ਵਿੱਚ ਮਨ ਨਿਹਚਲ ਹੈ ਅਤੇ ਇਸਨੂੰ 'ਉਨਮਨ' ਕਿਹਾ ਜਾਂਦਾ ਹੈ। ਉਨਮਨ ਦੇ ਨਿਰੋਲ ਸ਼ੁੱਧ ਸਰੂਪ ਨੂੰ ਗੁਰੂ ਅਮਰਦਾਸ ਜੀ **'ਮਨ ਤੂੰ ਜੋਤਿ ਸਰੂਪੁ'** ਨਾਲ ਮੁਖ਼ਾਤਿਬ ਕਰਦੇ ਹਨ। ਗੁਰੂ ਰਾਮਦਾਸ ਜੀ **'ਮਨ ਮੇਰਿਆ ਅੰਤਰਿ ਤੇਰੈ ਨਿਧਾਨੁ ਹੈ'**ਰਾਹੀਂ ਇਸਦੀ ਅਧਿਆਤਮਿਕ ਭਰਪੂਰਤਾ ਵੱਲ ਇਸ਼ਾਰਾ ਕਰਦੇ ਹਨ।

ਮੂਲ ਰੂਪ ਵਿੱਚ ਮਨ ਆਤਮਿਕ ਗੁਣਾਂ ਦਾ ਧਾਰਨੀ ਹੈ। ਪ੍ਰੰਤੂ ਮਾਇਆ ਦੇ ਅਧੀਨ ਇਹ ਵਾਸ਼ਨਾਵਾਂ ਦਾ ਸ਼ਿਕਾਰ ਹੋ ਜਾਂਦਾ ਹੈ। ਇਹੀ ਮਨ ਦਾ ਅੰਧਕਾਰ ਹੈ, ਜਿਸ ਨੂੰ 'ਮੈਲਾ ਮਨ' ਵੀ ਕਿਹਾ ਜਾਂਦਾ ਹੈ। ਗੁਰੂ ਅਰਜਨ ਜੀ '**ਮਨੁ ਸੋਇਆ ਮਾਇਆ ਬਿਸਮਾਦਿ**'[15] ਰਾਹੀਂ ਇਸਨੂੰ ਸੁੱਤਾ ਮਨ ਕਹਿੰਦੇ ਹਨ। ਮਾਇਆ ਗ੍ਰਸਤ ਇਸ ਮਨ ਦੀਆਂ ਪ੍ਰਵਿਰਤੀਆਂ ਕਰਕੇ ਮਨੁੱਖ 'ਮਨਮੁਖ' ਹੈ। ਅਜਿਹੇ ਮਨੁੱਖ ਦਾ ਅਧਿਆਤਮਿਕ ਵਿਕਾਸ ਅਸੰਭਵ ਹੈ।

ਮਨ ਨੂੰ ਜਾਗ੍ਰਿਤ ਅਵਸਥਾ ਵਿੱਚ ਲਿਆਉਣ ਲਈ ਇਸਦੀ ਬਿਰਤੀ ਦਾ ਪਰਿਵਰਤਨ ਕਰਨ ਦੀ ਲੋੜ ਹੈ। ਗੁਰਬਾਣੀ ਵਿੱਚ ਮਨ ਨੂੰ ਬੱਚੇ ਨਾਲ ਤੁਲਨਾ ਦਿੱਤੀ ਗਈ ਹੈ, ਜੋ ਚੰਚਲ, ਸ਼ਰਾਰਤੀ ਅਤੇ ਬੇ-ਸਮਝ ਹੈ। ਮਨ ਰੂਪੀ ਬੱਚੇ ਨੂੰ ਉਪਰੋਕਤ ਬਿਰਤੀਆਂ ਤੋਂ ਮੁਕਤ ਕਰਨ ਲਈ ਉਸ ਪਾਸੋਂ ਵਾਸ਼ਨਾਵਾਂ ਦੇ ਮਾਇਆਵੀ ਖਿਡਾਉਣੇ ਲੈ ਕੇ ਨਾਮ/ਗੁਰਸ਼ਬਦ ਦਾ ਖਿਡਾਉਣਾ ਫੜਾ ਦਿੱਤਾ ਜਾਵੇ ਤਾਂ ਮਨ ਆਪਣੇ ਆਪ ਸਿੱਧੇ ਰਸਤੇ ਉਪਰ ਆ ਜਾਂਦਾ ਹੈ। 'ਹਠ-ਯੋਗ' ਅਤੇ 'ਕਰਮ-ਕਾਂਡ' ਮਨ ਨੂੰ ਕਾਬੂ ਨਹੀਂ ਕਰ ਸਕਦੇ। ਇਸ ਨੂੰ ਸਿਰਫ਼ ਦਿਸ਼ਾ ਨਿਰਦੇਸ਼ਨ ਦੀ ਲੋੜ ਹੈ। ਮਨ 'ਨਾਮਿ-ਧੁਨ' ਵਿੱਚ ਮਸਤ ਹੋ ਆਪਣੇ ਧਿਆਨ ਨੂੰ ਸਾਰਿਆਂ ਪਾਸਿਆਂ ਵੱਲੋਂ ਮੋੜ ਕੇ ਸ਼ਬਦ ਕੇਂਦਰਿਤ ਹੋ ਜਾਂਦਾ ਹੈ। ਇਹੀ '**ਗੁਰ ਸ਼ਬਦੀ ਮਨ ਬੇਧਿਆ ਪ੍ਰਗ ਮਿਲਿਆ ਆਪਿ ਹਦੂਰ**'[16] ਦਾ ਰਹੱਸ ਹੈ। ਮਨ ਸ਼ਬਦ ਰਾਹੀਂ ਸ਼ਰਸ਼ਾਰ ਹੋ ਕੇ ਨਿਹਚਲ ਹੋ ਜਾਂਦਾ ਹੈ ਅਤੇ ਇਸਦੀਆਂ ਚੰਚਲਤਾਵਾਂ ਸਮਾਪਤ ਹੋ ਜਾਂਦੀਆਂ ਹਨ।[17] ਇਹੀ ਮਨ ਦਾ ਸ਼ੁੱਧ ਸਰੂਪ ਹੈ। ਗੁਰੂ ਅਮਰਦਾਸ ਜੀ ਸੋਧੇ ਹੋਏ ਮਨ ਨੂੰ ਆਰਸੀ ਨਾਲ ਉਪਮਾ ਦਿੰਦੇ ਹਨ ਜਿਸਦੇ ਥੇਵੇਂ ਵਿੱਚੋਂ ਗੁਰਮੁਖ ਲੋਕ ਆਪਣੇ ਸ਼ੁੱਧ ਆਪੇ ਦੇ ਦਰਸ਼ਨ ਕਰਦੇ ਹਨ, ਪਰ ਮਨਮੁੱਖਾਂ ਅੰਦਰ ਹਉਮੈ ਹੋਣ ਕਰਕੇ ਮਨ ਰੂਪੀ ਸ਼ੀਸ਼ੇ (ਆਰਸੀ) ਉਪਰ ਵਿਕਾਰਾਂ ਦੀ ਗਿੱਲ੍ਹ ਚੜ੍ਹ ਜਾਣ ਕਰਕੇ, ਇਹ ਜੰਗਾਲਿਆ ਜਾਂਦਾ ਹੈ ਅਤੇ ਇਸ ਵਿੱਚੋਂ ਕੁਝ ਵੀ ਨਜ਼ਰ ਨਹੀਂ ਆਉਂਦਾ।[18]

ਸੋ ਸ਼ਬਦ ਸਾਧਨਾ ਐਸਾ ਕਾਰਗਰ ਸਾਧਨ ਹੈ ਜਿਸ ਵਿੱਚ ਗੁਰੂ ਦੀ ਕਿਰਪਾ ਸਮਿਲਤ ਹੋਣ ਕਰਕੇ ਮਨ ਨੂੰ ਵੱਸ ਕਰਨ ਦੀ ਸਮਰੱਥਾ ਹੈ। ਹੋਰ ਸਾਰੇ ਢੰਗ ਤਰੀਕੇ ਵਿਅਰਥ ਹਨ –

**ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ**'[19]

## (2) ਚਿੱਤ

ਚਿੱਤ ਨੂੰ ਕੁਝ ਵਿਦਵਾਨ ਅੰਤਹਕਰਣ ਦੀ ਬਿਰਤੀ ਅਤੇ ਕੁਝ ਭੇਦ ਪਰਵਾਨ ਕਰਦੇ ਹਨ। ਭਾਈ ਕਾਨ੍ਹ ਸਿੰਘ ਨਾਭਾ[20] ਅਨੁਸਾਰ ਚਿੱਤ ਅੰਤਹਕਰਣ ਦਾ ਉਹ ਭੇਦ ਹੈ ਜਿਸ ਕਰਕੇ ਸਮਰਣ (ਚੇਤਾ) ਹੁੰਦਾ ਹੈ। ਡਾ. ਉਦਯਭਾਨ ਸਿੰਹ 'ਵਿਵਕ ਚੂੜਾਮਣਿ' ਦੇ ਹਵਾਲੇ ਨਾਲ ਲਿਖਦੇ ਹਨ ਕਿ ਚਿੱਤ ਅੰਤਹਰਕਣ ਦੀ ਉਹ ਬਿਰਤੀ ਹੈ ਜਿਸਦਾ ਧਰਮ, ਚਿੰਤਨ ਹੈ। ਇਹੀ ਜੀਵ ਦੀ ਇੱਛਾ ਸ਼ਕਤੀ ਅਤੇ ਭਾਵਾਂ ਦਾ ਆਧਾਰ ਹੈ।[21] ਹਿੰਦੂ ਦਰਸ਼ਨ ਵਿੱਚ ਚਿੱਤ ਨੂੰ ਵਿਅਕਤੀਗਤ ਚੇਤਨਾ (Individual Consiousness) ਬਿਆਨ ਕੀਤਾ ਗਿਆ ਹੈ।[22]

ਲਿਖਤੀ ਨਜ਼ਰੀਏ ਤੋਂ 'ਚਿਤ' ਅਤੇ 'ਚਿੱਤ' ਦੋ ਸ਼ਬਦ ਹਨ ਜਿਨ੍ਹਾਂ ਦਾ ਮੂਲ ਧਾਤੂ 'ਚਿੱਤ' ਹੀ ਹੈ। 'ਚਿੱਤ' ਬ੍ਰਹਮ ਦਾ ਗੁਣਵਾਚਕ (ਸਚਿਦਾਨੰਦ) ਸ਼ਬਦ ਹੈ ਅਤੇ ਇਸਦੇ ਅਰਥ ਚੇਤਨਾ ਹਨ। 'ਚਿੱਤ' ਸ਼ਬਦ ਅੰਤਹਕਰਣ ਦੀ ਉਹ ਏਜੰਸੀ ਜਾਂ ਇੰਦਰੀ ਹੈ, ਜਿਸਦਾ ਧਰਮ ਚੇਤੇ ਰੱਖਣਾ ਹੈ। ਇਵੇਂ 'ਚਿਤ'ਵਿਅਕਤੀਗਤ ਚੇਤਨਾ ਹੈ, ਜਦਕਿ 'ਚਿਤ'ਵਿਸ਼ਵ ਵਿਆਪੀ ਚੇਤਨਾ ਹੈ।[23]

ਯੋਗ ਸੂਤਰ (1.2) ਵਿੱਚ ਪਤੰਜਲਿ ਚਿੱਤ ਨੂੰ ਅੰਤਹਕਰਣ ਦੀ ਇੱਕ ਬਿਰਤੀ ਦੱਸਦੇ ਹੋਏ, ਯੋਗ ਨੂੰ ਚਿੱਤ ਬਿਰਤੀਆਂ ਦਾ ਨਿਰੋਧ (ਯੋਗਸ ਚਿੱਤ ਵ੍ਰਿਤੀ ਨਿਰੋਧਹ) ਕਹਿ ਕੇ ਬਿਆਨ ਕਰਦਾ ਹੈ। ਚਿੱਤ ਦੀ ਵਿਆਖਿਆ ਕਰਦੇ ਹੋਏ ਸਵਾਮੀ ਉਮਾਨੰਦ ਨੇ ਇਸਦੀਆਂ ਪੰਜ ਬਿਰਤੀਆਂ (ਪਰਮਾਣ, ਵਿਕਲਪ, ਭਰਮ, ਨਿੰਦਰਾ ਅਤੇ ਯਾਦਦਾਸ਼ਤ ਅਤੇ ਪੰਜ ਅਵਸਥਾਵਾਂ (ਬੇਚੈਨ,



ਅਸਥਿਰ, ਅਗਿਆਨੀ, ਇਕਾਗਰ, ਨਿਰੋਧ) ਦਾ ਵਰਣਨ ਕੀਤਾ ਹੈ।[24] ਚਿੱਤ-ਬਿਰਤੀਆਂ ਰਾਹੀਂ ਸਾਧਕ ਨੂੰ ਅੰਦਰਲਾ ਅਨੁਭਵ ਹੁੰਦਾ ਹੈ। ਜਦੋਂ ਇਹ ਬਾਹਰਮੁਖੀ ਹੋ ਜਾਂਦੀਆਂ ਹਨ ਤਾਂ ਇਹ ਵਾਸ਼ਨਾਵਾਂ ਦੀ ਪੂਰਤੀ ਵਿੱਚ ਲੱਗ ਜਾਂਦੀਆਂ ਹਨ। ਯੋਗ ਸੂਤਰ (1.37) ਵਿੱਚ ਸੰਕੇਤ ਕੀਤਾ ਗਿਆ ਹੈ ਕਿ ਤੂੰ ਆਪਣੇ ਚਿੱਤ ਨੂੰ ਬੀਤ ਰਾਗ ਵਿੱਚ ਸਮਾ ਲੈ। ਬੀਤ ਰਾਗ ਤੋਂ ਭਾਵ ਵਾਸ਼ਨਾ ਰਹਿਤ ਪਰਮਾਤਮਾ ਹੈ।

ਗੁਰਮਤਿ ਵਿੱਚ ਚਿੱਤ ਨੂੰ 'ਸੁਰਤਿ'[25] ਅਤੇ 'ਹਿਰਦਾ'[26] ਦੋਹਾਂ ਅਰਥਾਂ ਵਿੱਚ ਵਰਤਿਆ ਗਿਆ ਹੈ। ਚਿੱਤ ਦਾ ਸਿੱਖ ਸੰਦਰਭ ਇਨ੍ਹਾਂ ਗੁਰਵਾਕਾਂ ਵਿੱਚੋਂ ਉਜਾਗਰ ਹੁੰਦਾ ਹੈ-

(ੳ) **ਚਿੱਤ ਨਾ ਭਯੋ ਹਮਰੋ ਆਵਨ ਕਹ॥**
**ਚੁਭੀ ਰਹੀ ਸ੍ਰੁਤਿ (ਸੁਰਤਿ) ਪ੍ਰਭੁ ਚਰਨਨ ਮਹਿ॥**[27]

(ਅ) **ਮਿਤ ਕਾ ਚਿਤੁ ਅਨੂਪੁ ਮਰੰਮੁ ਨ ਜਾਨੀਐ॥**
**ਗਾਹਕ ਗੁਨੀ ਅਪਾਰ ਸੁ ਤਤੁ ਪਛਾਨੀਐ॥**
**ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ॥**[28]

(ੲ) **ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ ॥੪੫॥**[29]

ਇਵੇਂ ਚਿੱਤ ਹਿਰਦੇ ਦੀ ਸੰਵੇਦਨਾ ਅਤੇ ਚੇਤਨਾ ਦੇ ਸੂਖਮ ਭਾਵਾਂ ਨੂੰ ਉਜਾਗਰ ਕਰਦੀ ਹੋਈ ਅੰਤਹਕਰਣ ਦੀ ਇੱਕ ਬਿਰਤੀ ਹੈ। ਇਸ ਬਿਰਤੀ ਨੂੰ ਸ਼ਬਦ ਨਾਲ ਜੋੜ ਕੇ ਬਾਹਰਮੁਖਤਾ ਤੋਂ ਅੰਤਰਮੁਖਤਾ ਕਰਨਾ ਚਿੱਤ ਦੀ ਸ਼ੁੱਧਤਾ ਅਤੇ ਪ੍ਰਭੂ ਕੇਂਦਰਿਤ ਹੋਣਾ ਹੈ। ਇਹੀ ਪ੍ਰਭੂ ਚਰਨਾਂ ਵਿੱਚ 'ਸੁਰਤਿ ਦਾ ਟਿਕਾਓ' ਬਣ ਜਾਂਦਾ ਹੈ।

## (3) ਬੁੱਧੀ

ਭਾਈ ਕਾਨ੍ਹ ਸਿੰਘ ਨਾਭਾ[30] ਅਨੁਸਾਰ ਬੁੱਧਿ ਅੰਤਹਕਰਣ ਦਾ ਉਹ ਭੇਦ ਹੈ ਜਿਸ ਤੋਂ ਵਿਚਾਰ ਅਤੇ ਨਿਸ਼ਚਾ ਹੁੰਦਾ ਹੈ। ਡਾ. ਉਦਯਭਾਨ ਸਿੰਹ[31] ਬੁੱਧਿ ਦਾ ਅਰਥ 'ਪ੍ਰਗਿਆ' ਅਤੇ 'ਬੋਧਿ' ਕਰਦਾ ਹੈ। ਪ੍ਰਗਿਆ ਦਾ ਭਾਵ ਨਿਸ਼ਚਾ ਅਤੇ ਬੋਧਿ ਦਾ ਅਰਥ ਸੂਖਮ ਭਾਵਾਂ ਨੂੰ ਸਮਝਣ ਦੀ ਸਮਰੱਥਾ ਹੈ।

ਭਾਰਤੀ ਪਰੰਪਰਾ ਵਿੱਚ ਬੁੱਧੀ ਬਾਰੇ ਭਰਪੂਰ ਵਿਆਖਿਆ ਹੋਈ ਹੈ ਅਤੇ ਉਪਨਿਸ਼ਦਾਂ ਦੇ ਸਮੇਂ ਤੋਂ ਹੀ ਇਹ ਚਰਚਾ ਦਾ ਵਿਸ਼ਾ ਰਹੀ ਹੈ। 'ਕਠੋ-ਉਪਨਿਸ਼ਦ'[32] ਵਿੱਚ ਬੁੱਧੀ ਨੂੰ ਅੰਤਹਕਰਣ ਵਿੱਚ ਮਨ ਤੋਂ ਉਚੇਰੀ ਅਵਸਥਾ ਅਤੇ ਮਨ ਦੀ ਸੰਚਾਲਕ ਸ਼ਕਤੀ ਦੱਸਿਆ ਹੈ। ਬੁੱਧੀਮਾਨ ਮਨੁੱਖ ਦਾ ਮਨ ਉਤੇ ਜ਼ੋਰ ਹੁੰਦਾ ਹੈ ਅਤੇ ਇੰਦਰੀਆਂ ਉਸਦੇ ਵੱਸ ਵਿੱਚ ਹੁੰਦੀਆਂ ਹਨ। 'ਸਾਖ-ਦਰਸ਼ਨ' ਵਿੱਚ[33] ਬੁੱਧੀ ਨੂੰ ਪ੍ਰਕਿਰਤੀ ਦਾ ਗੁਣ ਮੰਨਿਆ ਹੈ ਜੋ ਰਾਜ-ਤਮ-ਸਤ ਤੋਂ ਪ੍ਰਭਾਵਿਤ ਹੁੰਦੀ ਹੈ। 'ਯੋਗ-ਦਰਸ਼ਨ' [34] ਵਿੱਚ ਸਮਾਧੀ ਦੇ ਦੋ ਰੂਪ 'ਚੇਤਨਾ-ਸਮਾਧੀ' ਅਤੇ 'ਉਤਮ-ਸਮਾਧੀ' ਪਰਵਾਨ ਕੀਤੇ ਗਏ ਹਨ। ਚੇਤਨਾ ਸਮਾਧੀ ਵਿੱਚ ਚਿੱਤ ਕਿਰਿਆਸ਼ੀਲ ਹੁੰਦਾ ਹੈ ਪਰ ਉਤਮ ਸਮਾਧੀ ਵਿੱਚ ਚਿੱਤ ਬਿਰਤੀਆਂ ਦੇ ਨਿਰੋਧ ਕਾਰਨ ਬੁੱਧੀ ਦੀ ਪ੍ਰਧਾਨਤਾ ਹੈ। ਇੱਥੇ ਹੀ ਅੱਠ ਸਿੱਧੀਆਂ ਦੀ ਪ੍ਰਾਪਤੀ ਹੁੰਧੀ ਹੈ। ਇਸੇ ਕਰਕੇ 'ਸਿਧ-ਗੋਸ਼ਟ' ਬਾਣੀ ਵਿੱਚ ਆਉਂਦਾ ਹੈ- '**ਗੁਰਮੁਖਿ ਅਸਟ ਸਿਧੀ ਸਭਿ ਬੁਧੀ॥**'। '**ਨਿਆਇ-ਦਰਸ਼ਨ**'[35] **ਵਿੱਚ ਬੁੱਧੀ, ਧਿਆਨ, ਉਪਲਬਧੀ ਅਤੇ ਪ੍ਰਤਿਆ ਕੀਤਾ ਗਿਆ ਹੈ।**

**ਗੁਰਮਤਿ ਵਿੱਚ 'ਬੁੱਧਿ' ਸ਼ਬਦ ਬਹੁਤ ਵਿਆਪਕ ਅਰਥਾਂ ਵਿੱਚ ਆਇਆ ਹੈ ਅਤੇ ਇਸ ਲਈ 'ਮਤਿ', 'ਸੁਧਿ', 'ਸਿਆਣਪ', 'ਅਕਲ' ਸ਼ਬਦ ਵਰਤੇ ਗਏ ਹਨ। ਅਧਿਆਤਮਿਕ ਸੰਦਰਭ ਵਿੱਚ ਬੁਧਿ ਉਹ ਅਕਲ ਨਹੀਂ ਜੋ ਵਾਦ-ਵਿਵਾਦ ਵਿੱਚ ਖ਼ਚਤ ਕੀਤੀ ਜਾਂਦੀ ਹੈ, ਸਗੋਂ ਬੁੱਧਿ ਉਹ ਸੂਝ-ਬੂਝ (ਸੁਧਿ) ਹੈ ਜਿਸ ਰਾਹੀਂ ਜਗਿਆਸੂ ਪਰਮਾਤਮਾ ਨੂੰ ਸਿਮਰਦਾ ਹੈ। ਗੁਰੂ ਅਰਜਨ ਦੇਵ**

ਜੀ ਪਰਮਾਤਮਾ ਪਾਸੋਂ ਇਸੇ ਬੁੱਧੀ ਦੀ ਕਾਮਨਾ ਕਰਦੇ ਹਨ-

**ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ॥**
**ਸਾ ਮਤਿ ਦੀਜੈ ਜਿਤੁ ਤੁਧੁ ਧਿਆਈ॥**[36]

ਵਿਦਿਆ, ਗਿਆਨ, ਵਿਵੇਕ ਦਾ ਸੰਬੰਧ ਬੁੱਧੀ ਨਾਲ ਹੈ ਪਰ ਇਹ ਬੁੱਧੀ ਨਹੀਂ, ਬੁੱਧੀ ਦਾ ਸਿੱਟਾ ਜਾਂ ਪ੍ਰਾਪਤੀ ਹਨ। ਸਾਤਵਿਕ ਬੁੱਧੀ ਪਰਮਾਤਮਾ ਦਾ ਮਿਲਾਪ ਕਰਾਉਂਦੀ ਹੈ ਅਤੇ ਅਹੰ ਬੁਧਿ (ਹਉਮੈ ਗ੍ਰਸਤ ਬੁੱਧੀ) ਅਹੰਕਾਰ ਨੂੰ ਜਨਮ ਦਿੰਦੀ ਹੈ। ਗੁਰਮਤਿ ਸ਼ਬਦ ਸਵਾਰੀ ਬੁੱਧੀ ਨੂੰ ਉਜਾਗਰ ਕਰਦੀ ਹੈ ਜੋ ਵਿਚਾਰਾਂ ਦੇ ਖੋਭੇ ਵਿੱਚੋਂ ਜਗਿਆਸੂ ਨੂੰ ਕੱਢ ਕੇ ਆਤਮ ਪਹਿਚਾਣ ਕਰਾਉਂਦੀ ਹੈ।

## (4) ਅਹੰਕਾਰ

ਭਾਈ ਕਾਨ੍ਹ ਸਿੰਘ ਨਾਭਾ[37] ਨੇ ਅਹੰਕਾਰ ਦੇ ਅਰਥ ਹਉਮੈ ਕੀਤੇ ਹਨ। ਇਸਦੀ ਵਿਉਤਪਤੀ ਸੰਸਕ੍ਰਿਤ ਦੇ 'ਅਹੰ' ਤੋਂ ਮੰਨੀ ਗਈ ਹੈ। ਇਹ ਅੰਤਹਕਰਣ ਦਾ ਉਹ ਭੇਦ ਹੈ ਜਿਸ ਤੋਂ ਪਦਾਰਥਾਂ ਨਾਲ ਆਪੇ ਦਾ ਸੰਬੰਧ ਜਾਂ ਮਮਤਾ ਜੁੜਦੀ ਹੈ। 'ਸਾਂਖ-ਦਰਸ਼ਨ'[38] ਵਿੱਚ ਇਸਨੂੰ ਪ੍ਰਕ੍ਰਿਤੀ ਦੇ ਵਿਕਾਸ ਦੀ ਦੂਜੀ ਅਵਸਥਾ ਪ੍ਰਵਾਨ ਕੀਤਾ ਗਿਆ ਹੈ। ਇਸਦੀ ਉਤਪਤੀ ਮਹੱਤ (ਬੁੱਧੀ) ਤੋਂ ਹੁੰਦੀ ਹੈ। ਇਹ ਘੁਮੰਡ ਜਾਂ ਸਵਾਰਥ (ਮੈਂ-ਮੇਰੀ) ਦੀ ਅਨੁਭੂਤੀ ਹੈ। ਇਸ ਅਨੁਭੂਤੀ ਦੇ ਕਾਰਨ ਮਨੁੱਖ ਸੋਚਦਾ ਹੈ ਕਿ ਸਭ ਕੁਝ ਕਰਨ ਵਾਲਾ ਉਹ ਹੀ ਹੈ। ਅਛਾਈ, ਇਨਾਮ, ਸਜ਼ਾ ਭੁਗਤਣ ਵਾਲਾ ਵੀ ਅਹੰਕਾਰ ਹੈ। ਸਾਂਖ-ਦਰਸ਼ਨ ਦੇ ਇੱਕ ਸੂਤਰ (2.26) ਵਿੱਚ ਅਹੰਕਾਰ ਦੀਆਂ ਤਿੰਨ ਕੋਟੀਆਂ ਸਾਤਵਿਕ, ਰਾਜਵਿਕ ਤੇ ਤਾਮਸਿਕ ਦਾ ਵਰਣਨ ਆਉਂਦਾ ਹੈ। ਸਾਤਵਿਕ ਅਹੰਕਾਰ ਤੋਂ ਗਿਆਰਾਂ ਇੰਦਰੀਆਂ (ਮਨ+5 ਗਿਆਨ ਇੰਦਰੀਆਂ+5 ਕਰਮ ਇੰਦਰੀਆਂ) ਉਤਪੰਨ ਹੁੰਦੀਆਂ ਹਨ। ਤਾਮਸਿਕ ਅਹੰਕਾਰ ਤੋਂ ਪੰਜ ਤਨ ਮਾਤਰ(ਸਬਦ, ਸਪਰਸ਼, ਰੂਪ, ਰਸ, ਗੰਧ) ਉਤਪੰਨ ਹੁੰਦੇ ਹਨ। ਰਜੋ ਗੁਣੀ ਅਹੰਕਾਰ, ਸਤੋਗੁਣੀ ਅਹੰਕਾਰ ਤੇ ਤਮੋਗੁਣੀ ਦੋਹਾਂ ਦੀ ਸਹਾਇਤਾ ਕਰਦਾ ਹੈ।

ਸਿੱਖ ਚਿੰਤਨ ਵਿੱਚ ਅਹੰਕਾਰ ਲਈ 'ਅਹੰਮੇਵ', 'ਅਹੰਮੇਉ', 'ਅਹੰਮਨੀ', 'ਅਹੰਬੁਧਿ', 'ਅਹੰਕਾਰ', 'ਹੰਕਾਰ', 'ਗਰਬ', 'ਮਮਤਾ' ਸ਼ਬਦ ਵਰਤੇ ਗਏ ਹਨ। ਇਨ੍ਹਾਂ ਵਿੱਚੋਂ 'ਹਉਮੈ' ਅਤੇ 'ਹਉ' ਪਦਾਂ ਦਾ ਪ੍ਰਯੋਗ ਸਭ ਤੋਂ ਵਧੇਰੇ ਹੋਇਆ ਹੈ।

ਅਹੰਕਾਰ ਸਭ ਤੋਂ ਵੱਧ ਫੈਲਣ ਵਾਲਾ ਹੈ। ਇਸੇ ਕਰਕੇ ਗੋਰਖਨਾਥ ਕਹਿੰਦਾ ਹੈ ਕਿ ਸਾਢੇ ਤਿੰਨ ਹੱਥ ਪਰਬਤ (ਸਰੀਰ) ਉਪਰ ਅਹੰਕਾਰ ਦੀ ਵੇਲ ਖ਼ੂਬ ਫੈਲ ਗਈ ਹੈ।[39] ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਮਨੁੱਖ ਹਉਂ ਵਿੱਚ ਮਾਇਆ ਇਕੱਠੀ ਕਰਦਾ ਹੈ, ਹਉਂ ਵਿੱਚ ਸੂਰਮਾ, ਜੋਬਨ-ਵੰਤ, ਆਚਾਰਵੰਤ ਅਤੇ ਕੁਲੀਨ (ਚੰਗੀ ਕੁਲ ਵਾਲਾ) ਕਹਿੰਦਾ ਹੈ। ਇਹ ਸਾਰੇ ਅਹੰਬੁਧਿ ਦੇ ਕਰਮ ਹਨ, ਜਿਨ੍ਹਾਂ ਨੇ ਮਨੁੱਖ ਨੂੰ ਬੰਧਨਾਂ ਵਿੱਚ ਬੰਨ੍ਹਿਆ ਹੋਇਆ ਹੈ।[40] ਗੁਰੂ ਅੰਗਦ ਦੇਵ ਜੀ ਕਹਿੰਦੇ ਹਨ ਕਿ ਹਉਮੈਂ ਜੀਵ ਦੀ ਜ਼ਾਤ ਹੈ, ਜਿਸ ਅੰਦਰ ਉਹ ਕਰਮ ਕਰਦਾ ਹੈ। ਇਸ ਬੰਧਨ ਵਿੱਚ ਬੱਝ ਕੇ ਜਨਮ ਲੈਂਦਾ ਹੈ। ਹਉਮੈਂ ਪ੍ਰਭੂ ਦਾ ਹੁਕਮ ਹੈ, ਜਿਸ ਅਧੀਨ ਜੀਵ ਪਹਿਲਾਂ ਕੀਤੇ ਕਰਮਾਂ ਨੂੰ ਕਰਨ ਲਈ ਵਾਰ-ਵਾਰ ਦੌੜਦਾ ਹੈ।ਇਵੇਂ ਹਉਮੈਂ ਦੀਰਘ ਰੋਗ ਹੈ।ਸ਼ਬਦ ਦੀ ਪਹਿਚਾਣ ਇਸਦਾ ਦਾਰੂ (ਇਲਾਜ) ਹੈ।[41]

ਅਹੰਕਾਰ ਦੇ ਦੋ ਸਰੂਪ ਹਨ। ਪਹਿਲਾ ਸਰੂਪ ਮਨ ਦਾ ਵਿਕਾਰ ਹੈ। ਇਨ੍ਹਾਂ ਵਿਕਾਰਾਂ ਵਿੱਚ ਪੈ ਕੇ ਮਨ ਜੀਵ ਲਈ ਦੁੱਖਾਂ ਦਾ ਸੰਬੰਧ ਪੈਦਾ ਕਰਦਾ ਹੈ। ਦੂਜਾ ਸਰੂਪ ਤਾਤਵਿਕ ਸਰੂਪ ਹੈ ਜਿਸਨੂੰ ਹਉਂ ਜਾਂ ਹਉਮੈਂ ਕਿਹਾ ਗਿਆ ਹੈ। ਇਸ ਤੋਂ ਜਗਤ ਦੀ ਉਤਪਤੀ ਹੁੰਦੀ ਹੈ। ਇਸਦਾ ਸੰਦਰਭ 'ਸਿਧ-ਗੋਸ਼ਟ' ਬਾਣੀ ਵਿੱਚ ਉਜਾਗਰ ਹੁੰਦਾ ਹੈ। ਹਉਮੈਂ ਮਮਤਾ ਹੈ, ਜਿਸਨੂੰ ਮਾਰਕੇ ਜੀਵ ਗੁਰਮੁਖ ਬਣਦਾ ਹੈ। ਇਸ ਨੂੰ ਮਾਰਨ ਦਾ ਢੰਗ 'ਅੰਤਰਿ ਸ਼ਬਦ ਨਿਰੰਤਰਿ ਮੁਦ੍ਰਾ'[42] ਦਾ ਹੈ। ਹਉਮੈਂ ਹੀ ਦ੍ਵੈਤ ਭਾਵਨਾ ਹੈ। ਇਹ ਦੂਰੀ ਸ਼ਬਦ ਦੀ ਕਮਾਈ (**ਨਾਮੇ ਰਾਤੇ ਹਉਮੈ ਜਾਇ॥**)[43] ਨਾਲ ਮਿਟਦੀ ਹੈ। ਇਹੀ ਹਰੀ ਰੰਗ ਵਿੱਚ ਰੰਗੇ ਜਾਣਾ ਹੈ। ਜਦ ਤੱਕ ਹਉਮੈਂ ਕਾਇਮ ਹੈ, ਤਦ ਤੱਕ ਤ੍ਰਿਸ਼ਨਾ ਦੀ ਅਗਨੀ ਭਟਕਦੀ ਰਹਿੰਦੀ ਹੈ। ਗੁਰਮੁਖ '**ਮਨ ਜੀਤਾ ਹਉਮੈ ਮਾਰਿ**'[44] ਰਾਹੀਂ ਸਹਿਜ ਪਦ ਦੀ ਪ੍ਰਾਪਤੀ ਕਰ ਲੈਂਦੇ ਹਨ ਅਤੇ ਮਨਮੁਖ ਹਉਮੈ ਦੀ ਅਗਨੀ ਵਿੱਚ ਸੜਦੇ ਰਹਿੰਦੇ ਹਨ।

ਸੋ ਅੰਤਹਕਰਣ ਨੂੰ ਸ਼ਬਦ ਦੀ ਕਮਾਈ ਅਤੇ ਗੁਰੂ ਕਿਰਪਾ ਸ਼ੁੱਧ ਕਰਦੀ ਹੈ ਅਤੇ ਸ਼ੁੱਧ ਹੋਣ ਨਾਲ ਜੀਵ ਆਤਮਾ, ਪਰਮਾਤਮਾ ਦੀ ਛੋਹ ਪ੍ਰਾਪਤ ਕਰ ਲੈਂਦੀ ਹੈ। ਇਹੀ ਨਿੱਜ ਘਰ ਦਾ ਅਹਿਸਾਸ ਹੈ।

## ਹਵਾਲੇ ਅਤੇ ਟਿੱਪਣੀਆਂ


1. ਪ੍ਰੇਮ ਪ੍ਰਕਾਸ਼ ਸਿੰਘ (ਡਾ.), 'ਗੁਰੂ ਨਾਨਕ ਅਤੇ ਨਿਰਗੁਣ ਧਾਰਾ' (ਪੰਨਾ 108)
2. ਬਲਦੇਵ ਉਪਾਧਯ (ਡਾ.), 'ਭਾਰਤੀ ਦਰਸ਼ਨ' (ਹਿੰਦੀ) (ਪੰਨਾ 270)
3. ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ॥ (ਅੰਗ ੧੫੬)
4. ਕਾਨ੍ਹ ਸਿੰਘ ਨਾਭਾ, 'ਮਹਾਨ ਕੋਸ਼' (ਪੰਨਾ 525)
5. ਬ੍ਰਿਹਦਾਰਣਿਅਕ ਉਪਨਿਸ਼ਦ (1.5.3), ਹਵਾਲਾ 'ਪ੍ਰਧਾਨ ਉਪਨਿਸ਼ਦ', ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪੰਨਾ 413)
6. ਬ੍ਰਿਹਦਾਰਣਿਅਕ ਉਪਨਿਸ਼ਦ (1.5.3-9), ਹਵਾਲਾ 'ਪ੍ਰਧਾਨ ਉਪਨਿਸ਼ਦ', ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪੰਨਾ 413)
7. ਕਠੋ-ਉਨਿਸ਼ਦ ਵੱਲੀ ਤੀਜੀ ਸਲੋਕ (3,4,9), ਹਵਾਲਾ 'ਪ੍ਰਧਾਨ ਉਪਨਿਸ਼ਦ', ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪੰਨਾ 59)
8. ਸ੍ਵੇਤਾ ਸ੍ਵਤਰ ਉਪਨਿਸ਼ਦ (4.6), ਹਵਾਲਾ 'ਪ੍ਰਧਾਨ ਉਪਨਿਸ਼ਦ', ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪੰਨਾ 637)
9. ਬਲਦੇਵ ਉਪਾਧਯ (ਡਾ.), 'ਭਾਰਤੀਯ ਦਰਸ਼ਨ' (ਹਿੰਦੀ) (ਪੰਨਾ 270)
10. ਇਕਬਾਲ ਨਾਰਾਇਣ ਚੋਪੜਾ (ਡਾ.), ਭਾਰਤੀ ਦਰਸ਼ਨ (ਪੰਨਾ 207)
11. ਜਹਿ ਮਨ ਸ਼ਕਤੀ ਜਹਿ ਮਨ ਸੀਵ॥ ਜਹਿ ਮਨ ਪੰਚ ਤਤ ਕਾ ਜੀਵ॥
    ਜਹਿ ਮਨ ਲੈ ਜੇ ਉਨਮਨ ਰਹੇ ਤੋ ਤੀਨ ਲੋਕ ਕੀ ਬਾਤੇਂ ਹੈ॥(ਗੋਰਖ ਬਾਣੀ,ਪੰਨਾ ੧੮/੭੫)
12. ਆਦਿ ਗ੍ਰੰਥ, ਆਸਾ ਮਹਲਾ ੧ (ਅੰਗ ੪੧੫)
13. ਆਦਿ ਗ੍ਰੰਥ, ਆਸਾ ਮਹਲਾ ੧ (ਅੰਗ ੨੭੮)
14. ਤਰਵਰੁ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ॥
    ਤਤੁ ਚੁਗਹਿ ਮਿਲਿ ਏਕਸੇ ਤਿਨ ਕਉ ਫਾਸ ਨ ਰੰਚ॥
    ..... ਆਪਿ ਛਡਾਏ ਛੁਟੀਐ ਵਡਾ ਆਪਿ ਧਣੀ॥
    ਗੁਰ ਪਰਸਾਦੀ ਛੁਟੀਐ ਕਿਰਪਾ ਆਪਿ ਕਰੇਇ॥ (ਅੰਗ ੯੨੯)
15. ਆਦਿ ਗ੍ਰੰਥ, ਗਉੜੀ ਮਹਲਾ ੫ ( ਅੰਗ ੧੯੨)
16. ਆਦਿ ਗ੍ਰੰਥ, ਸਿਰੀਰਾਗ ਮਹਲਾ ੩ ( ਅੰਗ ੩੭)
17. ਮਨੂਆ ਅਸਥਿਰੁ ਸਬਦੇ ਰਾਤਾ ਏਹਾ ਕਰਣੀ ਸਾਰੀ॥੧੮) (ਅੰਗ ੯੦੭)
18. ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ॥ ਮੋਰਚਾ ਨ ਲਾਗੈ ਜਾ ਹਉਮੈ ਸੋਖੈ॥(ਅੰਗ ੧੧੪)
19. ਆਦਿ ਗ੍ਰੰਥ, ਵਡਹੰਸ ਮਹਲਾ ੩ ( ਅੰਗ ੧੯੨)
20. ਕਾਨ੍ਹ ਸਿੰਘ ਨਾਭਾ, 'ਮਹਾਨ ਕੋਸ਼'(ਪੰਨਾ 113)
21. ਉਦਯਭਾਨ ਸਿੰਹ (ਡਾ.), 'ਤੁਲਸੀ ਦਰਸ਼ਨ ਪੀਮਾਂਸਾਂ (ਪੰਨਾ 110)

22. Theos Bernard, "Hindu Philosophy, (Page 193)
23. ਪ੍ਰੇਮ ਪ੍ਰਕਾਸ਼ ਸਿੰਘ (ਡਾ.), ਗੁਰੂ ਨਾਨਕ ਤੇ ਨਿਰਗੁਣ ਧਾਰਾ (ਪੰਨਾ 116)
24. ਸੁਆਮੀ ਓਮਾਨੰਦ ਤੀਰਥ, ਪਤੰਜਲਿ ਯੋਗ ਪ੍ਰਦੀਪ (ਪੰਨਾ 135-37)
25. ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥ (ਅੰਗ ੮)
26. ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋੁਲਾਈ॥ (ਅੰਗ ੯੩੮)
27. ਪਾਤਸ਼ਾਹੀ 10ਵੀਂ, ਬਚਿੱਤਰ ਨਾਟਕ, ਸ਼ਬਦਾਰਥ ਦਸਮ ਗ੍ਰੰਥ ਸਾਹਿਬ (ਅੰਗ ੭੧)
28. ਆਦਿ ਗ੍ਰੰਥ ਫੁਨਹਿ ਮਹਲਾ ੫ (ਅੰਗ ੧੩੬੨)
29. ਆਦਿ ਗ੍ਰੰਥ ਸਲੋਕ ਮਹਲਾ ੯ (ਅੰਗ ੧੪੨੮)
30. ਕਾਨ੍ਹ ਸਿੰਘ ਨਾਭਾ, 'ਮਹਾਨ ਕੋਸ਼' (ਪੰਨਾ 108)
31. ਉਦਯਭਾਨ ਸਿੰਹ (ਡਾ.), 'ਤੁਲਸੀ ਦਰਸ਼ਨ' ਮੀਮਾਂਸਾ (ਪੰਨਾ 59)
32. ਕਠੋ-ਉਪਨਿਸ਼ਦ ਵੱਲੀ ਤੀਜੀ, ਸਲੋਕ (3,9) ਹਵਾਲਾ 'ਪ੍ਰਧਾਨ ਉਪਨਿਸ਼ਦ', ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪੰਨਾ 59)
33. ਇਕਬਾਲ ਨਾਰਾਇਣ ਚੋਪੜਾ (ਡਾ.), 'ਭਾਰਤੀ ਦਰਸ਼ਨ' (ਪੰਨਾ 156)
34. ਇਕਬਾਲ ਨਾਰਾਇਣ ਚੋਪੜਾ (ਡਾ.), 'ਭਾਰਤੀ ਦਰਸ਼ਨ' (ਪੰਨਾ 173)
35. ਇਕਬਾਲ ਨਾਰਾਇਣ ਚੋਪੜਾ (ਡਾ.), 'ਭਾਰਤੀ ਦਰਸ਼ਨ' (ਪੰਨਾ 234)
36. ਆਦਿ ਗ੍ਰੰਥ, ਮਾਝ ਮਹਲਾ ੫ (ਅੰਗ ੧੦੦)
37. ਕਾਨ੍ਹ ਸਿੰਘ ਨਾਭਾ, 'ਮਹਾਨ ਕੋਸ਼' (ਪੰਨਾ 34)
38. ਇਕਬਾਲ ਨਾਰਾਇਣ ਚੋਪੜਾ (ਡਾ.), 'ਭਾਰਤੀ ਦਰਸ਼ਨ' (ਪੰਨਾ 156)
39. ਗੋਰਖ ਬਾਣੀ, (5 . 26)(ਪੰਨਾ 120)
40. ਆਦਿ ਗ੍ਰੰਥ, ਗਉੜੀ ਮਹਲਾ ੫ (ਅੰਗ ੨੪੨)
41. ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ॥
ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥ (ਅੰਗ ੪੬੬)
42. ਆਦਿ ਗ੍ਰੰਥ, ਰਾਮਕਲੀ ਮਹਲਾ ੧, (ਅੰਗ ੯੩੯)
43. ਆਦਿ ਗ੍ਰੰਥ, ਰਾਮਕਲੀ ਮਹਲਾ ੧, (ਅੰਗ ੯੪੧)
44. ਆਦਿ ਗ੍ਰੰਥ, ਰਾਮਕਲੀ ਮਹਲਾ ੧, (ਅੰਗ ੯੪੬)

♣♣♣♣♣♣♣



# ਆਦਰਸ਼ ਕੀਰਤਨੀਏ ਦੇ ਗੁਣ

ਸ. ਗੁਰਦੀਪ ਸਿੰਘ *

ਗੁਰਮਤਿ ਸੰਗੀਤਕਾਰਾਂ ਨੂੰ ਕੀਰਤਨੀਏ ਕਿਹਾ ਜਾਂਦਾ ਹੈ। ਕੀਰਤਨੀਏ ਲਈ ਗੁਰਮਤਿ ਸੰਗੀਤ ਦੀ ਤਾਲੀਮ ਲੈਣੀ ਲਾਜ਼ਮੀ ਹੈ। ਪ੍ਰਭੂ ਦੀ ਕੀਰਤੀ ਨੂੰ ਰਸਨਾ ਦੁਆਰਾ ਗਾਇਨ ਕਰਨਾ ਕੀਰਤਨ ਹੈ। ਗੁਰਬਾਣੀ ਨੂੰ ਸੰਗੀਤ ਦੁਆਰਾ ਨਿਰਧਾਰਿਤ ਰਾਗਾਂ ਵਿੱਚ ਗਾਇਨ ਕਰਨਾ ਸਿੱਖ ਧਰਮ ਦਾ ਸਿਰਮੌਰ ਕਰਮ ਕੀਰਤਨ ਮੰਨਿਆ ਗਿਆ ਹੈ। ਟੁੱਟੀਆਂ ਹੋਈਆਂ ਸੁਰਤਾਂ ਕੀਰਤਨ ਦੁਆਰਾ ਇੱਕ ਸੁਰ ਹੋ ਕੇ ਪਰਮ ਆਨੰਦ ਨਾਲ ਜੁੜਦੀਆਂ ਹਨ। ਬਾਣੀ '**ਅੰਮ੍ਰਿਤ ਰਸੁ ਹਰਿ ਕੀਰਤਨੋ**' ਪੀਣ ਲਈ ਉਪਦੇਸ਼ ਦਿੰਦੀ ਹੈ। ਗੁਰੂ ਅਰਜਨ ਦੇਵ ਜੀ '**ਕਲਯੁਗ ਮਹਿ ਕੀਰਤਨੁ ਪਰਧਾਨਾ**' ਮੰਨਦੇ ਹਨ ਤੇ ਇਸ ਕੀਰਤਨ ਨੂੰ ਸਦਾ ਗਾਇਨ ਕਰਨਾ ਹੈ। ਭਾਈ ਗੁਰਦਾਸ ਜੀ '**ਰਤਨ ਪਦਾਰਥ ਗੁਰ ਸ਼ਬਦ ਹਰਿ ਕੀਰਤਨ ਖਾਹੁ**' ਲਈ ਪ੍ਰੇਰਣਾ ਦਿੰਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ, ਗਾਇਨ ਸ਼ੈਲੀਆਂ ਤੇ ਗੁਰਬਾਣੀ ਦੇ ਅਰਥ ਬੋਧ ਸੰਬੰਧੀ ਗਿਆਨ ਹੋਣ ਨਾਲ ਕੀਰਤਨੀਏ ਦੇ ਕੀਰਤਨ ਵਿੱਚ ਖਾਸ ਤਰ੍ਹਾਂ ਦੀ ਖਿੱਚ ਪੈਦਾ ਹੁੰਦੀ ਹੈ। ਪਰ ਇਹ ਸਾਰਾ ਕੁਝ ਆਉਣ ਤੇ ਵੀ ਕੀਰਤਨੀਏ ਨੂੰ ਕੀਰਤਨ ਵਿੱਚ ਆਪਣੀ ਵਿਦਵਤਾ ਦੇ ਦਿਖਾਵੇ ਲਈ ਨਹੀਂ ਕਰਨਾ ਚਾਹੀਦਾ।

ਸਿੱਖ ਧਰਮ ਵਿੱਚ ਹਰ ਵਿਅਕਤੀ ਨੂੰ ਕੀਰਤਨ ਕਰਨ ਦੀ ਖੁੱਲ੍ਹ ਹੈ ਪਰ ਇਹ ਦਾਤ ਕਿਸੇ ਭਾਗਾਂ ਵਾਲੇ ਨੂੰ ਹੀ ਮਿਲਦੀ ਹੈ। ਭਾਗਾਂ ਵਾਲੇ ਦਾ ਹੀ ਮਨ ਕੀਰਤਨ ਵਿੱਚ ਜੁੜਦਾ ਹੈ। ਆਪਣਾ ਉੱਦਮ ਹੁੰਦਿਆਂ ਹੋਇਆਂ ਵੀ ਵਾਹਿਗੁਰੂ ਦੀ ਮਿਹਰ ਸਦਕਾ ਇਹ ਦਾਤ ਪ੍ਰਾਪਤ ਹੁੰਦੀ ਹੈ। ਕੀਰਤਨੀਏ ਨੂੰ ਆਪਣਾ ਉੱਦਮ ਨਹੀਂ ਛੱਡਣਾ ਚਾਹੀਦਾ।

ਕੀਰਤਨ ਅਕਾਲ ਪੁਰਖ ਦੇ ਸ਼ੁਕਰਾਨੇ ਲਈ ਕਰਨਾ ਚਾਹੀਦਾ ਹੈ। 'ਆਸਾ ਦੀ ਵਾਰ'ਨਾਲ ਗਾਇਨ ਕੀਤੇ ਸ਼ਬਦਾਂ ਵਿੱਚ ਅਸੀਂ ਹਰ ਰੋਜ਼ ਗਾਉਂਦੇ ਸੁਣਦੇ ਹਾਂ :-

**ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ॥**
**ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥**
**ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ॥**
**ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ॥ (ਅੰਗ ੪੫੦)**

ਸਤਿਗੁਰ ਜੀ ਫੁਰਮਾਉਂਦੇ ਹਨ ਜਿਹੜੇ ਮਨੁੱਖ ਦੂਜਿਆਂ ਨੂੰ ਸੁਣਾਉਣ ਵਾਸਤੇ ਭਗਤੀ ਦੇ ਗੀਤ ਗਾਉਂਦੇ ਹਨ, ਪਰ ਉਨ੍ਹਾਂ ਦੇ ਚਿੱਤ ਵਿੱਚ ਮੰਦੇ ਖਿਆਲ (ਮੌਜੂਦ) ਹਨ। ਜਿਹੜੇ ਹੋਰਨਾਂ ਨੂੰ ਰਾਗ (ਦ੍ਵੈਖ) ਤੋਂ ਬਚਣ ਦੀਆਂ ਗੱਲਾਂ ਸੁਣਾ ਕੇ ਅਖਵਾਉਂਦੇ ਹਨ ਕਿ ਅਸੀਂ ਰਾਗ ਦ੍ਵੈਖ ਤੋਂ ਬਚੇ ਹੋਏ ਹਾਂ ਪਰਮਾਤਮਾ ਦੇ ਨਾਮ ਸਿਮਰਨ ਤਾਂ ਬਿਨਾਂ ਉਨ੍ਹਾਂ ਦੇ ਮਨ ਵਿੱਚ ਝੂਠ (ਵਸਦਾ) ਹੈ। ਉਨ੍ਹਾਂ ਦੇ ਮਨ ਵਿੱਚ ਕੁਕਰਮ ਟਿਕੇ ਹੋਏ ਹਨ :-

**ਗਾਵਹਿ ਗੀਤੇ ਚੀਤਿ ਅਨੀਤੇ॥ ਰਾਗ ਸੁਣਾਇ ਕਹਾਵਹਿ ਬੀਤੇ॥** (ਅੰਗ ੪੧੪)

ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਜੇ ਗੁਰੂ ਨੂੰ ਚੰਗਾ ਲੱਗੇ, ਜੇ ਗੁਰੂ ਮਿਹਰ ਕਰੇ, ਉਸਦੀ ਕਿਰਪਾ ਸਦਕਾ ਉਸਦੀ ਸ਼ਰਨ ਆਇਆਂ ਮਨੁੱਖ ਕੀਰਤਨ ਕਰਦਾ ਹੈ, ਪਰਮਾਤਮਾ ਦੇ ਗੁਣ ਗਾਉਂਦਾ ਹੈ। ਉਸਦਾ ਮਨ ਪ੍ਰਭੂ ਦੇ ਨਾਮ ਵਿੱਚ ਰੰਗਿਆ ਜਾਂਦਾ ਹੈ ਤੇ ਉਸਦਾ ਜੀਵਨ ਸੋਹਣਾ ਬਣ ਜਾਂਦਾ ਹੈ। ਕਈ ਮਨੁੱਖ ਐਸੇ ਹਨ ਜੋ ਭਗਤੀ ਦੇ ਗੀਤ ਗਾਉਂਦੇ ਤਾਂ ਰਹਿੰਦੇ ਹਨ ਪਰ ਉਨ੍ਹਾਂ ਦੇ ਮਨ ਵਿੱਚ ਕੋਈ ਆਨੰਦ ਪੈਦਾ ਨਹੀਂ ਹੁੰਦਾ ਕਿਉਂਕਿ ਉਹ ਹਉਮੈਂ ਵਿੱਚ ਕੀਰਤਨ ਕਰਦੇ ਹਨ, ਹਉਮੈਂ

ਵਿੱਚ ਭਗਤੀ ਦੇ ਗੀਤ ਗਉਂਦੇ ਹਨ ਉਨ੍ਹਾਂ ਦਾ ਇਹ ਉੱਦਮ ਵਿਅਰਥ ਜਾਂਦਾ ਹੈ :-

**ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ॥**
**ਹਉਮੈ ਵਿਚਿ ਗਾਵਹਿ ਬਿਰਥਾ ਜਾਇ॥** **(ਅੰਗ ੧੫੮)**

ਸਿੱਖ ਧਰਮ ਵਿੱਚ ਕੀਰਤਨ ਦੀ ਪ੍ਰਥਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੁੰਦੀ ਹੈ। ਰਬਾਬ ਦੀਆਂ ਮਧੁਰ ਧੁਨਾਂ ਨਾਲ ਬਾਣੀ ਦੇ ਗਾਇਨ ਨੇ ਜਾਦੂ ਦਾ ਅਸਰ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 19 ਰਾਗਾਂ ਵਿੱਚ, ਸ੍ਰੀ ਗੁਰੂ ਅੰਗਦ ਦੇਵ ਜੀ ਨੇ 10 ਰਾਗਾਂ ਵਿੱਚ, ਸ੍ਰੀ ਗੁਰੂ ਅਮਰਦਾਸ ਜੀ ਨੇ 17 ਰਾਗਾਂ ਵਿੱਚ, ਗੁਰੂ ਰਾਮਦਾਸ ਜੀ ਨੇ 29 ਰਾਗਾਂ ਵਿੱਚ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ 30 ਰਾਗਾਂ ਵਿੱਚ ਬਾਣੀ ਦਾ ਉਚਾਰਨ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਕੀਰਤਨ ਦੇ ਨਾਲ ਢਾਡੀਆਂ ਦੁਆਰਾ ਢੱਡ ਤੇ ਸਾਰੰਗੇ ਨਾਲ ਵਾਰਾਂ ਗਾਇਨ ਕਰਨ ਦੀ ਪ੍ਰਥਾਂ ਵੀ ਆਰੰਭ ਹੋ ਗਈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ 15 ਰਾਗਾਂ ਵਿੱਚ ਬਾਣੀ ਦਾ ਉਚਾਰਨ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪੰਨਾ 14 ਤੋਂ ਪੰਨਾ 1352 ਤੱਕ ਸਾਰੀ ਬਾਣੀ ਰਾਗ-ਬੱਧ ਹੈ। ਸਾਧ ਸੰਗਤ ਵਿੱਚ ਕੀਰਤਨ ਗਾਉਣਾ ਜਾਂ ਸੁਣਨਾ ਵੱਡੇ ਭਾਗਾਂ ਵਾਲਿਆਂ ਦੇ ਹਿੱਸੇ ਆਉਂਦਾ ਹੈ। ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :-

**ਸਾਧਸੰਗਿ ਹਰਿ ਕੀਰਤਨੁ ਗਾਈਐ॥**
**ਕਹੁ ਨਾਨਕ ਵਡਭਾਗੀ ਪਾਈਐ॥੪॥** **(ਅੰਗ ੧੭੯)**

ਗੁਰਬਾਣੀ ਵਿੱਚ ਕੀਰਤਨ ਨੂੰ ਇਤਨੀ ਮਹਾਨਤਾ ਦਿੱਤੀ ਗਈ ਹੈ ਕਿ ਮਨੁੱਖ ਜਨਮ ਦਾ ਜੋ ਸਭ ਤੋਂ ਵੱਡਾ ਦੁੱਖ ਹੈ ਜਨਮ-ਮਰਨ ਦਾ ਉਹ ਵੀ ਕੀਰਤਨ ਗਾਉਣ ਨਾਲ ਕੱਟਿਆ ਜਾਂਦਾ ਹੈ ਅਤੇ ਯਮਾ ਦੇ ਵਸ ਨਹੀਂ ਪੈਂਦਾ :-

**ਦਿਨਸੁ ਰੈਨਿ ਹਰਿ ਕੀਰਤਨੁ ਗਾਈਐ॥**
**ਸੋ ਜਨੁ ਜਮ ਕੀ ਵਾਟ ਨ ਪਾਈਐ॥੩॥** **(ਅੰਗ ੩੯੬)**

ਹਰੀ ਦੇ ਕੀਰਤਨ ਦੁਆਰਾ ਮਨ ਦੇ ਵਿਕਾਰ ਦੂਰ ਹੁੰਦੇ ਹਨ, ਮਨ ਵਿੱਚੋਂ ਵੈਰ ਵਿਰੋਧ ਮਿਟ ਜਾਂਦੇ ਹਨ। ਸਭ ਪ੍ਰਕਾਰ ਦੇ ਕਲੇਸ਼ ਦੂਰ ਹੋ ਜਾਂਦੇ ਹਨ ਅਤੇ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਇੱਥੋਂ ਤੱਕ ਕਿ ਕੀਰਤਨ ਇਸ ਲੋਕ ਵਿੱਚ ਵੀ ਤੇ ਪ੍ਰਲੋਕ ਵਿੱਚ ਵੀ ਸਹਾਈ ਹੁੰਦਾ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ :-

**ਐਸਾ ਕੀਰਤਨੁ ਕਰਿ ਮਨ ਮੇਰੇ॥**
**ਈਹਾ ਊਹਾ ਜੋ ਕਾਮਿ ਤੇਰੈ॥੧॥ ਰਹਾਉ॥** **(ਅੰਗ ੨੩੬)**

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਸਮੇਂ ਹਰੇਕ ਬਾਣੀ ਦੇ ਆਰੰਭ ਵਿੱਚ ਉਸ ਬਾਣੀ ਦੇ ਰਾਗ ਦਾ ਨਾਂ ਲਿਖ ਦਿੱਤਾ ਹੈ। ਇਸ ਤੋਂ ਸਪੱਸ਼ਟ ਹੈ ਕਿ ਗੁਰਬਾਣੀ ਇਨ੍ਹਾਂ ਰਾਗਾਂ ਵਿੱਚ ਗਾਈ ਜਾਣੀ ਹੈ। ਭਾਵੇਂ ਇਸ ਬਾਣੀ ਨੂੰ ਪੜ੍ਹਨ, ਸੁਣਨ ਤੇ ਗਾਉਣ ਦਾ ਉਪਦੇਸ਼ ਗੁਰੂ ਸਾਹਿਬ ਨੇ ਕੀਤਾ ਹੈ ਪਰ ਇਸ ਨੂੰ ਸੰਗਤ ਰੂਪ ਵਿੱਚ ਗਾ ਕੇ ਕੀਰਤਨ ਕਰਨ ਦੀ ਵਿਸ਼ੇਸ਼ ਮਹਾਨਤਾ ਹੈ। ਸਤਿਗੁਰੂ ਜੀ ਨੇ ਬਾਣੀ ਨੂੰ ਗਾਉਣ ਦਾ ਉਦੇਸ਼ ਗੁਰਬਾਣੀ ਵਿੱਚ ਇਸ ਤਰ੍ਹਾਂ ਕੀਤਾ ਹੈ :-

**ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥** **(ਅੰਗ ੬੨੮)**

ਗੁਰਬਾਣੀ ਪੜ੍ਹਨ ਜਾਂ ਸੁਣਨ ਨਾਲ ਕਈ ਵਾਰ ਮਨ ਨਹੀਂ ਜੁੜਦਾ ਪਰ ਜਦੋਂ ਇਹ ਰਾਗ ਦੀਆਂ ਧੁਨਾਂ ਵਿੱਚ ਗਾਈ ਜਾਂਦੀ ਹੈ ਤਾਂ ਮਨ ਵਿਸਮਾਦ ਵਿੱਚ ਆ ਜਾਂਦਾ ਹੈ। ਇਸੇ ਲਈ ਸਤਿਗੁਰੂ



ਕੀਰਤਨ ਨੂੰ ਨਿਰਮੋਲਕ ਹੀਰਾ ਕਹਿੰਦੇ ਹਨ :-

**ਕੀਰਤਨੁ ਨਿਰਮੋਲਕ ਹੀਰਾ॥ ਆਨੰਦ ਗੁਣੀ ਗਹੀਰਾ॥** **(ਅੰਗ ੮੯੩)**

ਜਿੱਥੇ ਹਰੀ-ਜਸ ਕੀਰਤਨ ਹੁੰਦਾ ਹੈ ਉਥੇ ਸਵਰਗ ਬਣ ਜਾਂਦਾ ਹੈ। ਗੁਰਬਾਣੀ ਵਿੱਚ ਫੁਰਮਾਨ ਹੈ :-

**ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ॥** **(ਅੰਗ ੭੪੯)**

ਅੱਜ-ਕੱਲ੍ਹ ਕਲਜੁਗ ਦਾ ਸਮਾਂ ਚੱਲ ਰਿਹਾ ਹੈ। ਗੁਰਬਾਣੀ ਅਨੁਸਾਰ ਕਲਜੁਗ ਵਿੱਚ ਨਾਮ ਦੀ ਹੀ ਵਡਿਆਈ ਹੈ। ਗੁਰਬਾਣੀ ਕੀਰਤਨ ਵਿੱਚ ਕਿਉਂਕਿ ਪਰਮਾਤਮਾ ਦਾ ਹੀ ਜਸ ਹੁੰਦਾ ਹੈ ਇਸ ਲਈ ਕਲਜੁਗ ਵਿੱਚ ਗੁਰਬਾਣੀ-ਕੀਰਤਨ ਨੂੰ ਪ੍ਰਧਾਨਤਾ ਦਿੱਤੀ ਗਈ ਹੈ :-

**ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥(ਅੰਗ ੧੦੭੫)**

ਗੁਰਬਾਣੀ ਵਿੱਚ ਕੀਰਤਨ ਨੂੰ ਪ੍ਰਧਾਨਤਾ ਤਾਂ ਦਿੱਤੀ ਗਈ ਹੈ ਪਰ ਕੇਵਲ ਸੱਚੀ ਬਾਣੀ ਦੇ ਕੀਰਤਨ ਨੂੰ ਹੀ ਗੁਰਬਾਣੀ ਵਿੱਚ ਪ੍ਰਧਾਨਤਾ ਮਿਲੀ ਹੈ :-

**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥**
**ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥** **(ਅੰਗ ੯੧੭)**

ਇਸ ਤਰ੍ਹਾਂ ਗੁਰੂ ਸਾਹਿਬਾਨ ਦੁਆਰਾ ਉਚਾਰਨ ਕੀਤੀ ਬਾਣੀ ਦਾ ਕੀਰਤਨ ਹੀ ਗੁਰਬਾਣੀ ਕੀਰਤਨ ਅਖਵਾ ਸਕਦਾ ਹੈ। ਗੁਰਬਾਣੀ ਤੋਂ ਬਿਨਾਂ ਕੱਚੀ ਬਾਣੀ ਗਾਉਣਾ ਕੀਰਤਨ ਨਹੀਂ ਅਖਵਾਉਂਦਾ। ਗੁਰਮਤਿ ਅਨੁਸਾਰ ਹਰਿ-ਕੀਰਤਨ ਦੀਆਂ ਧੁਨਾਂ ਹੀ ਉਤਮ ਧੁਨਾਂ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :-

**ਹਰਿ ਕੀਰਤਨ ਮਹਿ ਊਤਮ ਧੁਨਾ॥ ਨਾਨਕ ਗੁਰ ਮਿਲਿ ਗਾਇ ਗੁਨਾ॥** **(ਅੰਗ ੧੧੯੨)**

ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਪ੍ਰਭੂ ਦਾ ਖਜਾਨਾ ਐਸਾ ਹੈ ਜਿਸ ਵਿੱਚ ਉਸਦਾ ਕੀਰਤਨ ਇੱਕ ਅਜਿਹਾ ਹੀਰਾ ਹੈ ਜਿਸਦਾ ਮੁੱਲ ਨਹੀਂ ਪੈ ਸਕਦਾ। ਉਸ ਕੀਰਤਨ ਦੀ ਬਰਕਤ ਨਾਲ ਗੁਣਾਂ ਦੇ ਮਾਲਕ ਪ੍ਰਭੂ ਦੇ ਮਿਲਾਪ ਦਾ ਆਨੰਦ ਪ੍ਰਾਪਤ ਹੁੰਦਾ ਹੈ :-

**ਕੀਰਤਨੁ ਨਿਰਮੋਲਕ ਹੀਰਾ॥ ਆਨੰਦ ਗੁਣੀ ਗਹੀਰਾ॥** **(ਅੰਗ ੮੯੩)**

ਚੰਗਾ ਕੀਰਤਨੀਆ ਇੱਕ ਸਿਰਫ਼ ਪਰਮਾਤਮਾ ਦੇ (ਚਰਨਾਂ) ਵਿੱਚ ਲਿਵ ਲਾਈ ਰੱਖਦਾ ਹੈ। ਸਿਰਫ਼ ਪਰਮਾਤਮਾ ਦੀ ਸਿਫ਼ਤ ਸਲਾਹ ਦਾ ਗੀਤ ਗਾਉਂਦਾ ਰਹਿੰਦਾ ਹੈ। ਉਸਦੀ ਸੁਰਤਿ ਪਰਮਾਤਮਾ ਵਿੱਚ ਟਿਕੀ ਰਹਿੰਦੀ ਹੈ। ਉਹ ਸਤਿ, ਸੰਤੋਖ (ਆਦਿ ਗੁਣਾਂ) ਨੂੰ ਪੰਜ (ਕਿਸਮ ਦੇ) ਸਾਜ਼ ਬਣਾਉਂਦਾ ਹੈ। ਪ੍ਰਭੂ ਚਰਨਾਂ ਵਿੱਚ ਲੀਨ ਰਹਿ ਕੇ ਦੁਨੀਆਂ ਦੀ ਕਿਰਤ-ਕਾਰ ਕਰਦਾ ਹੈ ਇਹੀ ਉਸ ਵਾਸਤੇ ਸੱਤ ਸੁਰਾਂ (ਸਾ ਰੇ ਗਾ ਮਾ ਪਾ ਧਾ ਨੀ ਸਾ) ਦਾ ਅਲਾਪ ਹੈ। ਉਹ ਮਨੁੱਖ ਆਪਣੀ ਤਾਕਤ ਦਾ ਭਰੋਸਾ ਤਿਆਗਦਾ ਹੈ-ਇਹ ਉਸਦਾ ਵਾਜਾ (ਵਜਾਉਣਾ) ਹੈ। ਉਹ ਮਨੁੱਖ ਮੰਦੇ ਪਾਸੇ ਪੈਰ ਨਹੀਂ ਧਰਦਾ-ਇਹੀ ਉਸ ਵਾਸਤੇ ਤਾਨ-ਪਲਟਾ (ਆਲਾਪ) ਹੈ। ਉਹ ਮਨੁੱਖ ਗੁਰੂ ਦੇ ਸ਼ਬਦ ਨੂੰ ਆਪਣੇ ਪੱਲ੍ਹੇ ਬੰਨ੍ਹੀ ਰੱਖਦਾ ਹੈ। ਹਿਰਦੇ ਵਿੱਚ ਵਸਾਈ ਰੱਖਦਾ ਹੈ। ਇਸ ਸ਼ਬਦ ਦੀ ਬਰਕਤ ਨਾਲ ਉਸਨੂੰ ਕਦੇ ਜਨਮ-ਮਰਨ ਦਾ ਗੇੜ ਨਹੀਂ ਹੁੰਦਾ-ਇਹੀ (ਰਾਸ ਪਾਉਣ ਵੇਲੇ) ਉਸਦੀ ਨਾਚ ਭੁਆਟਣੀ ਹੈ। ਜੇ ਕਰੋੜਾਂ ਵਿੱਚੋਂ ਕੋਈ ਮਨੁੱਖ ਆਪਣੇ ਪਰਮਾਤਮਾ ਨੂੰ ਪਿਆਰਾ ਲੱਗਣ ਲੱਗ ਪੈਂਦਾ ਹੈ ਤਾਂ ਉਹ ਪ੍ਰਭੂ ਦਾ ਇਹ ਕੀਰਤਨ ਗਾਉਂਦਾ ਹੈ :-

**ਜੇ ਕੋ ਅਪਨੇ ਠਾਕੁਰ ਭਾਵੈ॥ ਕੋਟਿ ਮਧਿ ਏਹੁ ਕੀਰਤਨੁ ਗਾਵੈ॥** **(ਅੰਗ ੮੮੫)**

ਕੀਰਤਨ ਵਿੱਚ ਇਤਨੀ ਭਾਰੀ ਖਿੱਚ ਹੈ ਕਿ ਸਿੱ ਇਸਤਰੀ, ਮਰਦਾਂ ਦੀ ਚੋਖੀ ਗਿਣਤੀ ਵਿੱਚ ਇਸ ਨੂੰ ਸਿੱਖਣਾ ਚਾਹੁੰਦੀ ਹੈ। ਬਹੁਤ ਲੋਕੀ ਸਿੱਖਣਾ ਸ਼ੁਰੂ ਕਰ ਦਿੰਦੇ ਹਨ ਪਰ ਥੋੜ੍ਹੇ ਸਮੇਂ ਬਾਅਦ ਉਹ ਛੱਡ ਦਿੰਦੇ ਹਨ। ਕਈ ਗੁਜ਼ਾਰੇ ਮਾਤਰ ਸਿੱਖ ਕੇ ਰਹਿ ਜਾਂਦੇ ਹਨ। ਕਈ ਜਿਹੜੇ ਰਾਗ-ਤਾਲ ਦੇ ਤੱਤ ਨੂੰ ਪਛਾਣ ਲੈਂਦੇ ਹਨ ਅੱਗੋਂ ਮਿਹਨਤ ਕਰਨੀ ਛੱਡ ਦਿੰਦੇ ਹਨ। ਸਫਲ ਕੀਰਤਨੀਆ ਬਣਨ ਲਈ ਰਾਗ ਅਤੇ ਤਾਲ ਦੀ ਮਿਹਨਤ ਜ਼ਰੂਰੀ ਹੈ। ਸ਼ਬਦ ਦਾ ਅੱਖਰ-ਅੱਖਰ ਸਪੱਸ਼ਟ ਗਾਇਆ ਜਾਵੇ। ਨਾਲ ਹੀ ਸ਼ਬਦ ਦੇ ਅਰਥ ਤੇ ਭਾਵ ਦੀ ਸੋਝੀ ਹੋਵੇ। ਜੇ ਕੀਰਤਨੀਏ ਦਾ ਗੁਰਮੁਖਾਂ ਵਾਲਾ ਅਮਲੀ ਜੀਵਨ ਹੋਵੇ ਤਾਂ ਐਸੇ ਕੀਰਤਨੀਏ ਦੀ ਮਹਿਮਾ ਕੌਣ ਕਹਿ ਸਕਦਾ ਹੈ?

ਭਾਈ ਮਨਸ਼ਾ ਸਿੰਘ ਜੀ ਰਾਗੀ ਸ੍ਰੀ ਹਰਿਮੰਦਰ ਸਾਹਿਬ ਵਿੱਚ ਰਸ ਭਰਿਆ ਕੀਰਤਨ ਕਰਦੇ ਅਤੇ ਗੁਰਮੁਖੀ ਜੀਵਨ ਬਤੀਤ ਕਰਦੇ ਸਨ। ਇਸ ਲਈ ਉਨ੍ਹਾਂ ਦੇ ਬਚਨਾਂ ਨੂੰ ਕਦੇ ਕੋਈ ਮੋੜਦਾ ਨਹੀਂ ਸੀ। ਮਹਾਰਾਜਾ ਰਣਜੀਤ ਸਿੰਘ ਲਾਹੌਰੋਂ ਇਸ ਖ਼ਿਆਲ ਨਾਲ ਸ੍ਰੀ ਅੰਮ੍ਰਿਤਸਰ ਪੁੱਜੇ ਕਿ ਐਸੇ ਉਚ ਕੋਟੀ ਦੇ ਗੁਰਮੁਖ ਕੀਰਤਨੀਏ ਨੂੰ ਅਸ਼ਰਫੀਆਂ ਭੇਟ ਕਰਕੇ ਦੌਲਤ ਦੇ ਨਾਲ ਮਾਲਾ-ਮਾਲ ਕਰ ਦੇਈਏ। ਭਾਈ ਸਾਹਿਬ ਨੇ ਮਹਾਰਾਜਾ ਨੂੰ ਆਪਣੇ ਘਰ ਆਉਂਦਿਆਂ ਦੇਖ ਆਪਣੇ ਘਰ ਦਾ ਬੂਹਾ ਬੰਦ ਕਰ ਲਿਆ ਤੇ ਕਿਹਾ ਕਿ ਆਪ ਦੇ ਚਰਨਾਂ ਵਿੱਚ ਲੱਛਮੀ ਦਾ ਨਿਵਾਸ ਹੈ ਅਤੇ ਲੱਛਮੀ ਦੇ ਆਉਣ ਨਾਲ ਕੀਰਤਨ ਵਿੱਚ ਜੋ ਪ੍ਰੇਮ ਤੇ ਰਸ ਲਬਾ-ਲਬ ਭਰਪੂਰ ਹੈ ਉਹ ਘਟ ਜਾਵੇਗਾ।

ਭਾਈ ਸੁੰਦਰ ਸਿੰਘ ਜੀ ਰਾਗੀ ਚਾਵਲ ਮੰਡੀ ਅੰਮ੍ਰਿਤਸਰ ਵਾਲੇ ਕੀਰਤਨ ਵਿੱਚ ਬੜੇ ਮਾਹਿਰ ਸਨ। ਸੰਸਾਰ ਪ੍ਰਸਿੱਧ ਲੇਖਕ ਸ੍ਰੀ ਰਵਿੰਦਰ ਨਾਥ ਟੈਗੋਰ ਨੋਬਲ ਪੁਰਸਕਾਰ ਜੇਤੂ ਅੰਮ੍ਰਿਤਸਰ ਆਏ। ਆਪ ਭਾਈ ਸੁੰਦਰ ਸਿੰਘ ਜੀ ਦਾ ਕੀਰਤਨ ਸੁਣ ਕੇ ਇਤਨੇ ਪ੍ਰਭਾਵਿਤ ਹੋਏ ਕਿ ਭਾਈ ਸਾਹਿਬ ਜੀ ਨੂੰ ਆਪਣੇ ਨਾਲ ਲੈ ਜਾਣ ਲਈ ਬੇਨਤੀ ਕੀਤੀ ਪਰ ਭਾਈ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੀ ਕੀਰਤਨ ਸੇਵਾ ਛੱਡ ਕੇ ਉਨ੍ਹਾਂ ਨਾਲ ਜਾਣ ਲਈ ਤਿਆਰ ਨਾ ਹੋਏ।

ਜੇ ਉਚ ਕੋਟੀ ਦੇ ਕੀਰਤਨੀਏ ਹੋਣ ਤਾਂ ਕੀਰਤਨ ਸ਼ੈਲੀ ਦਾ ਅਸਲ ਤੇ ਪੁਰਾਤਨ ਸਰੂਪ ਫਿਰ ਵਾਪਸ ਲਿਆਇਆ ਜਾ ਸਕਦਾ ਹੈ। ਪਿਓ ਦਾਦੇ ਦੇ ਖਜ਼ਾਨੇ ਵਿੱਚੋਂ ਆਪਣੇ ਵਿਰਸੇ ਦੀ ਸੰਭਾਲ ਕਰਕੇ ਗੁਰ ਅਸਥਾਨਾਂ ਵਿੱਚ ਰਾਗੁ ਵਿਹੂਣ ਕੀਰਤਨ ਦੀ ਥਾਂ ਰਾਗੁ ਆਧਾਰਿਤ ਕੀਰਤਨ ਦੀਆਂ ਧੁਨਾਂ ਗੂੰਜਦੀਆਂ ਰਹਿਣ ਤੇ ਅੱਜ ਦੇ ਪ੍ਰਚੱਲਿਤ ਸ਼ਬਦ ਗੀਤਾਂ ਤੇ ਆਧਾਰਿਤ ਕੀਰਤਨ ਦਰਬਾਰਾਂ ਦੀ ਥਾਂ ਤੇ ਗੁਰਮਤਿ ਸੰਗੀਤ ਆਧਾਰਿਤ ਅਦੁੱਤੀ ਕੀਰਤਨ ਦਰਬਾਰਾਂ ਦੇ ਪ੍ਰਵਾਹ ਚੱਲਦੇ ਰਹਿਣ।

### ਉਚ ਕੋਟੀ ਦੇ ਕੀਰਤਨੀਏ (ਬਣਨ) ਦੇ ਗੁਣ

ਕੀਰਤਨੀਏ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ :-

1. ਸ਼ਬਦ ਢੁਕਵਾਂ ਹੋਵੇ, ਬੇ-ਮੌਕਾ ਨਹੀਂ, ਸ਼ਬਦ ਨੂੰ ਵੇਲੇ ਦੇ ਰਾਗ ਵਿੱਚ ਗਾਏ।
2. ਸੰਗੀਤ ਸੁਹਜਮਈ ਹੋਵੇ ਸ਼ੋਰੀਲਾ ਨਹੀਂ।
3. ਇਮਾਨਦਾਰ ਹੋਵੇ ਉਸਨੂੰ ਕੇਵਲ ਪੈਸੇ ਦੀ ਖ਼ਾਤਰ ਹੀ ਕੀਰਤਨ ਨਹੀਂ ਕਰਨਾ ਚਾਹੀਦਾ।
4. ਆਪਣੇ ਗਿਆਨ ਵਿੱਚ ਹਮੇਸ਼ਾਂ ਵਾਧਾ ਕਰਨ ਦਾ ਉਤਸਕ ਰਹਿੰਦਾ ਹੋਵੇ।
5. ਕੀਰਤਨੀਏ ਨੂੰ ਨਿਮਰਤਾ, ਸੇਵਾ, ਤਿਆਗ, ਚਰਿੱਤਰ ਨਿਰਮਾਣ ਅਤੇ ਅਨੁਸ਼ਾਸ਼ਨ ਵੱਲ ਧਿਆਨ ਦੇਣਾ ਚਾਹੀਦਾ ਹੈ।
6. ਸੰਗੀਤ ਵਿੱਦਿਆ ਦੀ ਪੱਧਤੀ ਦਾ ਪੂਰਾ ਗਿਆਨ ਹੋਵੇ।
7. ਵਿਅਕਤਿਤਵ ਸ਼ਖ਼ਸੀਅਤ ਪ੍ਰਭਾਵਸ਼ਾਲੀ ਹੋਵੇ। ਸ਼ਖ਼ਸੀਅਤ ਦੇ ਪ੍ਰਭਾਵਸ਼ਾਲੀ ਹੋਣ ਵਿੱਚ ਕੱਪੜਿਆਂ ਦਾ ਜਾਂ ਵੇਸ ਭੂਸ਼ਾ ਦਾ ਕੋਈ ਜ਼ਿਆਦਾ ਮਹੱਤਵ ਨਹੀਂ ਹੁੰਦਾ ਬਲਕਿ ਰਹਿਣ-ਸਹਿਣ, ਵਿਚਾਰਧਾਰਾ, ਸੁਭਾਵ ਪ੍ਰਵਿਰਤੀ, ਬੋਲਣ ਦਾ ਢੰਗ, ਤਹਿਜ਼ੀਬ, ਗਾਇਨ ਸ਼ੈਲੀ, ਸ਼ਾਸਤਰ ਗਿਆਨ ਅਤੇ ਅਨੁਭਵ ਅਨੇਕਾਂ ਤੱਤ ਹਨ ਜਿਹੜੇ ਵਿਅਕਤਿਤਵ ਵਿੱਚ ਸ਼ਾਮਿਲ ਹੁੰਦੇ ਹਨ।
8. ਬਿਰਤੀ ਦੀ ਇਕਾਗਰਤਾ, ਲਗਨ, ਮਿਹਨਤ ਅਤੇ ਅਭਿਆਸ ਇਹ ਗੁਣ ਹਨ ਜਿਨ੍ਹਾਂ ਨਾਲ ਚੰਗਾ ਕੀਰਤਨੀਆ ਬਣਿਆ ਜਾ ਸਕਦਾ ਹੈ।
9. ਗੁਰਬਾਣੀ ਦੇ ਕੀਰਤਨੀਏ ਨੂੰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਰਾਗਾਂ ਦੀ ਜਾਣਕਾਰੀ ਤੋਂ ਅਤਿਰਿਕਤ ਭਾਰਤੀ ਸੰਗੀਤ ਵਿੱਚੋਂ ਹੋਰ ਵੀ ਰਾਗਾਂ ਦਾ ਗਿਆਨ ਹੋਣਾ ਚਾਹੀਦਾ ਹੈ ਤਾਂ ਨਹੀਂ ਤਾਂ ਉਹ ਗੁਰਬਾਣੀ ਦੇ ਰਾਗਾਂ ਦੀ ਸ਼ੁੱਧਤਾ ਨਹੀਂ ਰੱਖ ਸਕੇਗਾ।
10. ਕੀਰਤਨ ਕਰਨ ਸਮੇਂ ਨਿਰਧਾਰਿਤ ਰਾਗ ਦਾ ਅਤੇ ਸ਼ਬਦ ਦੇ ਉਚਾਰਨ ਦਾ ਪਹਿਲਾਂ ਚੰਗੀ ਤਰ੍ਹਾਂ ਅਭਿਆਸ ਕਰੇ।
11. ਤਾਰ ਤੇ ਸਾਜ਼ ਜਾਂ ਤਬਲਾ ਆਦਿ ਸਟੇਜ ਤੇ ਬੈਠਣ ਤੋਂ ਜ਼ਰਾ ਪਹਿਲਾਂ ਸਰੁ ਕਰ ਲਵੇ। ਮਾੜੀ ਮੋਟੀ ਕਸਰ ਤਾਂ ਸਟੇਜ ਤੇ ਕਰ ਲਵੇ ਪਰ ਸੁਰ ਕਰਨ ਵਿੱਚ ਸਮਾਂ ਬਹੁਤਾ ਲਾਉਣ ਨਾਲ ਸੰਗਤ ਉਤਾਵਲੀ ਹੋ ਜਾਂਦੀ ਹੈ।
12. ਵਿੱਚ-ਵਿੱਚ ਸਾਜ਼ਾਂ ਦਾ ਧਿਆਨ ਰੱਖੇ ਕਿ ਸੁਰ ਵਿੱਚ ਰਹਿਣ ਬੇਸੁਰਾ ਤਬਲਾ ਜਾਂ ਬੇਸੁਰੀ ਤਾਰ ਕਿਸੇ ਸਾਜ਼ ਦੀ ਚੰਗੀ ਨਹੀਂ ਲੱਗਦੀ।
13. ਅੱਜ-ਕੱਲ੍ਹ ਮਾਈਕ ਤੇ ਲਾਉਡ ਸਪੀਕਰ ਦਾ ਯੁੱਗ ਹੈ। ਮੂੰਹ ਮਾਈਕ ਦੇ ਇੰਨਾ ਨੇੜੇ ਵੀ ਨਾ ਹੋਵੇ ਕਿ ਆਵਾਜ਼ ਭੜਾ ਜਾਵੇ ਤੇ ਸਰੋਤਿਆਂ ਦੇ ਕੰਨ ਖਾਵੇ ਜਾਂ ਸਪੀਕਰ ਚੀਕ ਪਵੇ। ਮਾਈਕ ਏਨੀ ਦੂਰੀ ਤੇ ਹੋਵੇ ਕਿ ਕਰਿਤਨੀਏ ਦੀ, ਤਬਲੇ ਦੀ ਜਾਂ ਹੋਰ ਸਾਜ਼ ਦੀ ਆਵਾਜ਼ ਲੋੜ ਅਨੁਸਾਰ ਸਰੋਤਿਆਂ ਤੱਕ ਪੁੱਜੇ।
14. ਸ਼ਬਦ ਗਾਇਨ ਵਿੱਚ ਲੈਅ ਜਾਂ ਨਿਰਧਾਰਿਤ ਤਾਲ ਦੀ ਠਾਮਪੋ ਦਾ ਬਹੁਤਾ ਮਹੱਤਵ ਹੈ। ਬੀਰ ਰਸ ਦੇ ਸ਼ਬਦ ਦੀ ਲੈਅ ਤੇਜ਼ ਹੁੰਦੀ ਹੈ। ਕਰੁਣਾ ਰਸ ਜਾਂ ਵੈਰਾਗਮਈ ਸ਼ਬਦਾਂ ਦੀ ਲੈਅ ਵਿਲੰਬਿਤ ਜਾਂ ਟਿਕਾਈ ਹੁੰਦੀ ਹੈ। ਮੁਖੱਤਰ ਮਧ ਲੈਅ ਵਿੱਚ ਹੀ ਕੀਰਤਨ ਕਰਨਾ ਉਚਿਤ ਹੈ।

ਕੀਰਤਨੀਏ ਨੂੰ ਉਪਰੋਕਤ ਤੋਂ ਇਲਾਵਾ ਆਪਣੇ ਵਿੱਚ ਪੰਜ ਗੁਣ :- ਸੱਚਾਈ, ਸੰਤੋਖ, ਸਬਰ, ਗਰੀਬੀ ਤੇ ਸੇਵਾ ਧਾਰਨ ਕਰਨੇ ਚਾਹੀਦੇ ਹਨ। ਦੁਨਿਆਵੀ ਪਦਾਰਥਾਂ ਤੋਂ ਮਨ ਉਚਾ ਰੱਖਣਾ ਚਾਹੀਦਾ ਹੈ। ਕੀਰਤਨ ਐਸਾ ਹੋਣਾ ਚਾਹੀਦਾ ਹੈ ਜਿਸ ਨਾਲ ਮਨ ਨੂੰ ਖੁਸ਼ੀ ਤੇ ਸ਼ਾਂਤੀ ਮਿਲੇ।

# ਪੰਜਾਬ ਦੇ ਲੋਕਪ੍ਰਿਅ ਸਾਜ਼ - ਜਾਣ ਪਹਿਚਾਣ ਤੇ ਇਤਿਹਾਸ

ਪਰਮਜੀਤ ਸਿੰਘ ਪੰਮੀ

ਪੰਜਾਬ ਭਾਰਤ ਦਾ ਸਭ ਤੋਂ ਖੁਸ਼ਹਾਲ ਸੂਬਾ ਹੈ, ਜਿਸਨੂੰ ਗੁਰੂਆਂ, ਪੀਰਾਂ, ਫਕੀਰਾਂ ਦੀ ਚਰਨ ਛੁਹ ਪ੍ਰਾਪਤ ਹੈ। ਪੰਜ ਦਰਿਆਵਾਂ ਦੀ ਇਸ ਧਰਤੀ ਨੇ ਜਿੱਥੇ ਦੇਸ਼ ਦੀ ਖੁਸ਼ਹਾਲੀ ਤੇ ਵਿਕਾਸ ਵਿੱਚ ਭਰਪੂਰ ਯੋਗਦਾਨ ਪਾਇਆ, ਉਥੇ ਸੱਭਿਆਚਾਰ ਤੇ ਕਲਾ ਦੇ ਵਿਕਾਸ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਇਆ। ਸੰਗੀਤ ਦੇ ਖੇਤਰ ਵਿੱਚ ਲੋਕ ਸੰਗੀਤ, ਅਰਧ ਸ਼ਾਸਤਰੀ ਸੰਗੀਤ ਅਤੇ ਸ਼ਾਸਤਰੀ ਸੰਗੀਤ ਤਿੰਨੋ ਵਿਧਾਵਾਂ ਦਾ ਸੰਪੂਰਨ ਵਿਕਾਸ ਹੋਇਆ। ਸੰਗੀਤ ਦੇ ਨਾਲ-ਨਾਲ ਵਾਦਨ ਕਲਾ ਦੇ ਖੇਤਰ ਵਿੱਚ ਵੀ ਬਹੁਤ ਵਿਕਾਸ ਹੋਇਆ। ਸਾਜ਼ਾਂ ਦਾ ਪ੍ਰਯੋਗ ਮੁਕਤ ਵਾਦਨ ਦੀ ਬਜਾਇ ਸੰਗਤ ਲਈ ਬਹੁਤ ਹੋਇਆ। ਇਸੇ ਕਾਰਨ ਵਾਦਨ ਵਿੱਚ ਆਸਾਨ, ਘੱਟ ਜਗ੍ਹਾ ਘੇਰਨ ਵਾਲੇ, ਵਜ਼ਨ ਦੇ ਹਲਕੇ ਅਤੇ ਸੌਖੇ ਮੁਰੰਮਤ ਕੀਤੇ ਜਾਣ ਵਾਲੇ ਸਾਜ਼ ਵਧੇਰੇ ਪ੍ਰਚੱਲਿਤ ਹੋਏ। ਪੰਜਾਬ ਵਿੱਚ ਲੋਕ ਹਰਮਨ ਪਿਆਰੇ ਸਾਜ਼ਾਂ ਵਿੱਚ ਹਰ ਪ੍ਰਕਾਰ ਦੇ ਸਾਜ਼ ਹਨ। ਸੰਗੀਤ ਦੇ ਮੁੱਖ ਤੱਤ ਸੁਰ ਅਤੇ ਲੈਅ ਦੇ ਆਧਾਰ ਤੇ ਅਸੀਂ ਇਨ੍ਹਾਂ ਸਾਜ਼ਾਂ ਨੂੰ ਦੋ ਭਾਗਾਂ ਵਿੱਚ ਵੰਡ ਸਕਦੇ ਹਾਂ :- (1) ਸੁਰ ਸਾਜ਼ (2) ਲੈਅ ਅਥਵਾ ਤਾਲ ਸਾਜ਼।

### (1) **ਸੁਰ ਸਾਜ਼**

ਜਿਹੜੇ ਸਾਜ਼ਾਂ ਨਾਲ ਸੁਰ ਉਤਪਤੀ ਹੁੰਦੀ ਹੈ ਉਹ ਸੁਰ ਸਾਜ਼ ਅਖਵਾਉਂਦੇ ਹਨ। ਇਨ੍ਹਾਂ ਨੂੰ ਅੱਗੇ ਦੋ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲੀ ਸ਼੍ਰੇਣੀ ਵਿੱਚ-ਮੀਂਡ, ਕ੍ਰਿਤਨ, ਕਣ ਆਦਿ ਆਉਂਦੇ ਹਨ ਜਦੋਂ ਕਿ ਵੀਣਾ, ਸਿਤਾਰ, ਸਰੰਦਾ,ਇਸਰਾਜ, ਬਾਂਸੁਰੀ ਆਦਿ ਸਾਜ਼ ਵੀ ਇਸੇ ਸ਼੍ਰੇਣੀ ਵਿੱਚ ਆਉਂਦੇ ਹਨ, ਜਦੋਂ ਕਿ ਦੂਜੀ ਸ਼੍ਰੇਣੀ ਵਿੱਚ ਜਲਤਰੰਗ, ਹਰਮੋਨੀਅਮ ਆਦਿ ਸਾਜ਼ ਆਉਂਦੇ ਹਨ।

### (2) **ਲੈਅ ਅਥਵਾ ਤਾਲ ਸਾਜ਼**

ਲੈਅ ਦਾ ਸਾਧਾਰਨ ਅਰਥ ਗਤੀ ਹੁੰਦਾ ਹੈ। ਲੈਅ ਅਥਵਾ ਤਾਲ-ਸਾਜ਼ਾਂ ਦੇ ਅੰਤਰਗਤ ਉਹ ਸਾਜ਼ ਹਨ ਜਿਨ੍ਹਾਂ ਦਾ ਸੰਬੰਧ ਲੈਅ ਜਾਂ ਤਾਲ ਨਾਲ ਹੈ। ਮਰਦੰਗ, ਪਖਾਵਜ, ਮਜੀਰਾ, ਘੁੰਗਰੂ ਆਦਿ ਇਸੇ ਵਰਗ ਵਿੱਚ ਆਉਂਦੇ ਹਨ। ਉਕਤ ਸਾਰੇ ਵਰਗ ਦੇ ਸਾਜ਼ਾਂ ਬਾਰੇ ਵਿਚਾਰ ਚਰਚਾ ਕੀਤੀ ਜਾ ਰਹੀ ਹੈ।

#### ਤਾਊਸ

ਇਸ ਸਾਜ਼ ਦੇ ਉਪਰਲਾ ਹਿੱਸਾ ਮੋਰ ਦੇ ਆਕਾਰ ਦਾ ਹੁੰਦਾ ਹੈ। ਅਰਬੀ ਭਾਸ਼ਾ ਵਿੱਚ ਮੋਰ ਨੂੰ ਤਾਊਸ ਕਿਹਾ ਜਾਂਦਾ ਹੈ। ਇਸ ਲਈ ਇਸ ਸਾਜ਼ ਦਾ ਨਾਮ ਤਾਊਸ ਪਿਆ। ਪ੍ਰੋ. ਲਾਲਾ ਮਣੀ ਮਿਸ਼ਰਾ ਨੇ ਆਪਣੇ ਗ੍ਰੰਥ 'ਭਾਰਤੀਯ ਸੰਗੀਤ ਵਾਦਯ' ਵਿੱਚ ਇਸ ਸਾਜ਼ ਨੂੰ ਮਯੂਰੀ ਇਸਰਾਜ ਨਾਮ ਦਿੱਤਾ ਹੈ। ਇਹ ਸਾਜ਼ ਭਾਰਤ ਵਿੱਚ ਕਿਵੇਂ ਆਇਆ ਇਸ ਬਾਰੇ ਕੋਈ ਨਿਸਚਤ ਪ੍ਰਮਾਣ ਨਹੀਂ ਮਿਲਦਾ ਪ੍ਰੰਤੂ ਪੰਜਾਬ ਵਿੱਚ ਇਸਦਾ ਪ੍ਰਯੋਗ ਸਿੱਖ ਕੀਰਤਨ ਵਿੱਚ ਸੰਗਤੀ ਸਾਜ਼ ਦੇ ਰੂਪ ਵਿੱਚ ਕੀਤਾ ਜਾਂਦਾ ਸੀ। ਪਟਿਆਲਾ ਦੇ ਮਹਾਰਾਜਾ ਰਾਜਾ ਭੁਪਿੰਦਰ ਸਿੰਘ ਦੇ ਸੰਗੀਤ ਗੁਰੂ ਅਤੇ ਸਿੱਖ ਸੰਪ੍ਰਦਾਇ ਦੇ ਮਹਾਨ ਸੰਗੀਤਕਾਰ ਮਹੰਤ ਗੱਜਾ ਸਿੰਘ ਜੀ ਤਾਊਸ ਵਾਦਨ ਵਿੱਚ ਨਿਪੁੰਨ ਸਨ। ਇਨ੍ਹਾਂ ਨੇ ਹੀ ਅੱਗੇ ਚੱਲ ਕੇ ਇਸ ਸਾਜ਼ ਵਿੱਚ ਕੁਝ ਤਬਦੀਲੀਆਂ ਕਰਕੇ ਦਿਲਰੁਬਾ ਨਾਮਕ ਨਵੇਂ ਸਾਜ਼ ਦੀ ਖੋਜ ਕੀਤੀ।

ਤਾਊਸ ਦੀਆਂ ਚਾਰ ਮੁੱਖ ਤਾਰਾਂ ਅਤੇ 18 ਤਰਬਾਂ ਦੇ ਤਾਰ ਹੁੰਦੇ ਹਨ। ਇਸਦੀ ਡਾਂਡ ਉਪਰ



ਸੁਰਾਂ ਲਈ ਪਰਦੇ ਬੰਨ੍ਹੇ ਹੋਏ ਹੁੰਦੇ ਹਨ। ਇਸ ਉਪਰ ਖੱਬੇ ਹੱਥ ਦੀ ਉਂਗਲੀ ਨਾਲ ਤਾਰ ਨੂੰ ਦਬਾ ਕੇ ਅਤੇ ਸੱਜੇ ਹੱਥ ਨਾਲ ਗਜ਼ ਫੇਰ ਕੇ ਸੁਰ ਕੱਢਿਆ ਜਾਂਦਾ ਹੈ। ਅੱਜ ਕੱਲ੍ਹ ਇਹ ਸਾਜ਼ ਅਲੋਪ ਹੋ ਚੁੱਕਾ ਹੈ।

#### ਦਿਲਰੁਬਾ

ਦਿਲਰੁਬਾ ਦਾ ਮੂਲ ਫ਼ਾਰਸੀ ਹੈ, ਜਿਸਦਾ ਅਰਥ ਹੈ ਪਿਆਰਾ ਜਾਂ ਪ੍ਰੀਤਮ। ਆਪਣੇ ਨਾਮ ਨੂੰ ਸਾਰਥਕ ਕਰਦਾ ਇਹ ਸਾਜ਼ ਪੰਜਾਬ ਵਿੱਚ ਬਹੁਤ ਹੀ ਹਰਮਨ ਪਿਆਰਾ ਸੀ, ਜਿਸਦੀ ਵਰਤੋਂ ਸਿੱਖ ਕੀਰਤਨ ਵਿੱਚ ਸੰਗਤੀ ਸਾਜ਼ ਦੇ ਰੂਪ ਵਿੱਚ, ਤਾਊਸ ਦੇ ਲੁਪਤ ਹੋਣ ਉਪਰੰਤ ਸਦੀਆਂ ਤੱਕ ਹੁੰਦੀ ਰਹੀ। ਅੱਜ ਵੀ ਕੁਝ ਰਾਗੀ, ਕੀਰਤਨਕਾਰ ਅਤੇ ਗਜ਼ਲ ਗਾਇਕ ਆਪਣੇ ਨਾਲ ਇਸ ਸਾਜ਼ ਦੀ ਸੰਗਤ ਕਰਵਾਉਂਦੇ ਹਨ।

#### ਸਾਰੰਦਾ

ਪੰਜਾਬ ਵਿੱਚ ਇਸਨੂੰ ਸਾਰੰਦਾ ਜਾਂ ਸਾਰਿੰਦਾ ਜਾਂ ਸਾਰੰਗੀ ਵੀ ਕਿਹਾ ਜਾਂਦਾ ਹੈ।[1] ਆਰੰਭਕ ਕਾਲ ਵਿੱਚ ਸਾਰੰਗੀ ਦਾ ਪ੍ਰਯੋਗ ਕੋਠਿਆਂ ਤੇ ਗਾਇਨ ਅਤੇ ਨਾਚ ਨਾਲ ਹੋਣ ਕਰਕੇ ਇਸਨੂੰ ਨਫ਼ਰਤ ਦੀ ਨਜ਼ਰ ਨਾਲ ਦੇਖਿਆ ਜਾਣ ਲੱਗਾ ਸੀ। ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਵਿੱਚ ਕੁਝ ਤਬਦੀਲੀਆਂ ਕਰਕੇ ਇੱਕ ਨਵੇਂ ਸਾਜ਼ ਦੀ ਖੋਜ ਕੀਤੀ ਅਤੇ ਇਸ ਨੂੰ ਸਾਰਿੰਦਾ ਨਾਮ ਦਿੱਤਾ। ਕੁਝ ਵਿਦਵਾਨਾਂ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸਾਜ਼ ਦੀ ਕਾਢ ਕੱਢ ਕੇ ਇਸ ਸਾਜ਼ ਨਾਲ ਕੀਰਤਨ ਕਰਨ ਦਾ ਆਦੇਸ਼ ਦਿੱਤਾ।[2] ਜਦਕਿ 'ਕਾਨੂੰਨ ਮੂਸੀਕੀ' ਵਿੱਚ ਗੁਰੂ ਅਮਰਦਾਸ ਨੂੰ ਇਸ ਸਾਜ਼ ਦਾ ਖੋਜ ਕਰਤਾ ਮੰਨਿਆ ਗਿਆ ਹੈ।[3]

ਇਹ ਸਾਜ਼ ਦੋ ਫੁੱਟ ਲੰਬਾ ਹੁੰਦਾ ਹੈ। ਇਸਦੇ ਹੇਠਲੇ ਹਿੱਸੇ ਦਾ ਥੋੜ੍ਹਾ ਭਾਗ ਚਮੜੇ ਨਾਲ ਢਕਿਆ ਹੁੰਦਾ ਹੈ, ਹੇਠਲਾ ਭਾਗ ਅੰਡਾਕਾਰ ਅਤੇ ਉਪਰਲਾ ਹਿੱਸਾ ਖੁੱਲ੍ਹਾ ਹੁੰਦਾ ਹੈ। ਇਸਦੇ ਮੁੱਖ ਤਿੰਨ ਤਾਰ ਹੁੰਦੇ ਹਨ ਜਿਸ ਵਿੱਚੋਂ ਦੋ ਲੋਹੇ ਦੇ ਅਤੇ ਇੱਕ ਤਾਂਬੇ ਦਾ ਹੁੰਦਾ ਹੈ। ਲੋਕ ਗੀਤ ਨਾਲ ਇਸ ਸਾਜ਼ ਦੀ ਵਰਤੋ ਕਰਨ ਵਾਲੇ ਕਲਾਕਾਰ ਇਸਦੇ ਗਜ਼ ਨਾਲ ਘੁੰਗਰੂ ਵੀ ਬੰਨ੍ਹ ਲੈਂਦੇ ਹਨ। ਭਾਈ ਕਰਮ ਸਿੰਘ, ਭਾਈ ਲਾਭ ਸਿੰਘ, ਭਾਈ ਮੰਗਲ ਸਿੰਘ ਆਦਿ ਪ੍ਰਸਿੱਧ ਸਾਰੰਦਾ ਵਾਦਕ ਹੋਏ ਹਨ। ਹਿਮਾਚਲ ਪ੍ਰਦੇਸ਼ ਦੇ ਮੰਡੀ ਸ਼ਹਿਰ ਦੇ ਗੁਰਦੁਆਰਾ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਵਜਾਇਆ ਸਾਰੰਦਾ ਅੱਜ ਵੀ ਮੌਜੂਦ ਹੈ।

#### ਰਬਾਬ

ਰਬਾਬ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਨ ਭਾਉਂਦਾ ਸਾਜ਼ ਸੀ। ਇਸ ਨਾਲ ਉਨ੍ਹਾਂ ਦੇ ਸਾਥੀ ਭਾਈ ਮਰਦਾਨਾ ਜੀ ਗੁਰੂ ਜੀ ਵੱਲੋਂ ਬਾਣੀ ਉਚਾਰਨ ਸਮੇਂ ਸੰਗਤ ਕਰਿਆ ਕਰਦੇ ਸਨ। ਉਨ੍ਹਾਂ ਤੋਂ ਪਿੱਛੋਂ ਸਾਰੇ ਹੀ ਗੁਰੂ ਸਾਹਿਬਾਨ ਦੇ ਕਾਲ ਸਮੇਂ ਇਸ ਸਾਜ਼ ਦੀ ਕੀਰਤਨ ਵਿੱਚ ਪ੍ਰਧਾਨਤਾ ਰਹੀ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿੱਚ ਇਸ ਸਾਜ਼ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ:

**ਬਿਨੁ ਬਾਜੇ ਕੈਸੋ ਨਿਰਤਿਕਾਰੀ॥**
**ਬਿਨੁ ਕੰਠੈ ਕੈਸੇ ਗਾਵਨਹਾਰੀ॥**
**ਜੀਲ ਬਿਨਾ ਕੈਸੇ ਬਜੈ ਰਬਾਬ॥**[4] (ਅੰਗ ੧੧੪੦)

ਰਬਾਬ ਦੇ ਮੋਢੀਵਾਦਕ ਭਾਈ ਮਰਦਾਨਾ ਜੀ ਤੋਂ ਬਾਅਦ ਇਸ ਸਾਜ਼ ਦਾ ਵਾਦਨ ਉਨ੍ਹਾਂ ਦੇ ਉਤਰਾਧਿਕਾਰੀਆਂ ਵੱਲੋਂ ਪੀੜ੍ਹੀ ਦਰ ਪੀੜ੍ਹੀ ਕੀਤਾ ਜਾਂਦਾ ਰਿਹਾ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਰਬਾਬ ਭਾਰਤੀ ਸਾਜ਼ ਨਹੀਂ ਹੈ ਕਿਉਂਕਿ ਇਸਦਾ ਜ਼ਿਕਰ

ਪ੍ਰਾਚੀਨ ਫਾਰਸੀ ਗ੍ਰੰਥਾਂ ਵਿੱਚ ਵੀ ਮਿਲਦਾ ਹੈ। ਇਉਂ ਅਸੀਂ ਕਹਿ ਸਕਦੇ ਹਾਂ ਕਿ ਰਬਾਬ ਪੂਰਨ ਤੌਰ ਤੇ ਭਾਰਤੀ ਸਾਜ਼ ਨਹੀਂ ਸਗੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਵਿੱਚ ਕੁਝ ਪਰਿਵਰਤਨ ਕਰਕੇ ਇਸਨੂੰ ਭਾਰਤੀ ਰਾਗ ਗਾਇਨ ਦੇ ਅਨੁਕੂਲ ਬਣਾਇਆ। ਕੈਪਟਨ ਡੇ. ਦੀ ਪੁਸਤਕ (The Music & Musical Instrument of Southern India & the Deccan ) ਵਿੱਚ ਇਸ ਸਾਜ਼ ਦਾ ਸੰਬੰਧ ਪੰਜਾਬ ਨਾਲ ਜੋੜਦੇ ਹੋਏ ਕਿਹਾ ਗਿਆ ਹੈ "The Indian Rabab is Principally Used in Punjab & Upper India, Its Use in Other Parts is Confined to Mohemmdans"[5]ਅਫਸੋਸ ਦੀ ਗੱਲ ਇਹ ਹੈ ਕਿ ਪੰਜਾਬ ਦਾ ਇਹ ਪ੍ਰਸਿੱਧ ਸਾਜ਼ ਅੱਜ-ਕੱਲ੍ਹ ਬਹੁਤ ਘੱਟ ਨਜ਼ਰੀਂ ਪੈਂਦਾ ਹੈ।

**ਵਚਿੱਤਰ ਵੀਣਾ**

ਇਸ ਸਾਜ਼ ਦਾ ਪੰਜਾਬ ਦੇ ਸ਼ਹਿਰ ਪਟਿਆਲਾ ਨਾਲ ਬੜਾ ਨੇੜਲਾ ਸੰਬੰਧ ਰਿਹਾ ਹੈ ਕਿਉਂਕਿ ਇਸ ਸਾਜ਼ ਦੀ ਕਾਢ ਪਟਿਆਲਾ ਦਰਬਾਰ ਦੇ ਪ੍ਰਸਿੱਧ ਵੀਣਾ ਵਾਦਕ ਅਬਦੁਲ ਅਜ਼ੀਜ਼ ਖ਼ਾਂ ਨੇ ਕੀਤੀ ਸੀ[6] ਜਿਸਨੇ ਕੇਵਲ ਪੰਜਾਬ ਹੀ ਨਹੀਂ ਬਲਕਿ ਸਮੁੱਚੇ ਭਾਰਤ ਵਿੱਚ ਇਸ ਸਾਜ਼ ਨੂੰ ਪ੍ਰਸਿੱਧੀ ਦਿਵਾਈ।

ਇਸ ਸਾਜ਼ ਦੇ ਦੋ ਤੂੰਬੇ ਹੁੰਦੇ ਸਨ। ਇਸਦੀ ਡਾਡ ਉਪਰ ਮੁੱਖ ਤੌਰ ਤੇ ਚਾਰ ਤਾਰ ਹੁੰਦੇ ਸਨ ਅਤੇ ਹੇਠਲੇ ਪਾਸੇ ਤਰਬ ਦੇ ਤਾਰ ਹੁੰਦੇ ਸਨ। ਸੁਰ ਉਤਪੰਨ ਕਰਨ ਲਈ ਸੱਜੇ ਹੱਥ ਦੀਆਂ ਉਂਗਲੀਆਂ ਵਿੱਚ ਦੋ-ਤਿੰਨ ਮਿਜ਼ਰਾਬ ਪਾ ਕੇ ਇਸਦਾ ਵਾਦਨ ਕੀਤਾ ਜਾਂਦਾ ਸੀ। ਉਸਤਾਦ ਅਬਦੁਲ ਅਜ਼ੀਜ਼ ਖ਼ਾਂ ਸਾਰੰਗੀ ਵਾਦਕ ਵੀ ਸਨ ਅਤੇ ਬਾਅਦ ਵਿੱਚ ਉਨ੍ਹਾਂ ਵਚਿੱਤਰ ਵੀਣਾ ਦੇ ਵਾਦਨ ਵਿੱਚ ਵੀ ਸਫ਼ਲਤਾ ਪ੍ਰਾਪਤ ਕੀਤੀ।

**ਹਰਮੋਨੀਅਮ**

ਪ੍ਰਾਚੀਨ ਕਾਲ ਵਿੱਚ ਸਿੱਖ ਗੁਰੂ ਸਾਹਿਬਾਨ ਦੇ ਕਾਲ ਸਮੇਂ ਕੀਰਤਨ ਨਾਲ ਮੁੱਖ ਤੌਰ ਤੇ ਰਬਾਬ ਤਾਊਸ, ਦਿਲਰੁਬਾ, ਇਸਰਾਜ ਆਦਿ ਨਾਲ ਸੰਗਤ ਕੀਤੀ ਜਾਂਦੀ ਸੀ ਪਰ ਬਾਅਦ ਵਿੱਚ ਇਨ੍ਹਾਂ ਦਾ ਵਾਦਨ-ਕਲਾ ਕਠਨ ਹੋਣ ਕਰਕੇ ਇਨ੍ਹਾਂ ਦੀ ਲੋਕਪ੍ਰਿਅਤਾ ਘਟਦੀ ਗਈ ਅਤੇ ਹੌਲੀ-ਹੌਲੀ ਹਰਮੋਨੀਅਮ ਨੇ ਇਨ੍ਹਾਂ ਦਾ ਸਥਾਨ ਪ੍ਰਾਪਤ ਕਰ ਲਿਆ। ਇਸਦੇ ਦੋ ਮੁੱਖ ਕਾਰਨ ਸਨ-ਇੱਕ ਤਾਂ ਇਸਦਾ ਵਾਦਨ ਕਲਾ ਆਸਾਨ ਸੀ ਦੂਸਰਾ ਇਸਦਾ ਵਾਦਨ ਕਰਦੇ ਸਮੇਂ ਕਲਾਕਾਰ ਖ਼ੁਦ ਵੀ ਗਾ ਸਕਦਾ ਸੀ। ਇਸ ਲਈ ਪਿਛਲੇ 150 ਸਾਲ ਤੋਂ ਸਿੱਖ ਰਾਗੀਆਂ ਵਿੱਚ ਇਹ ਸਾਜ਼ ਹਰਮਨ ਪਿਆਰਾ ਰਿਹਾ ਹੈ।

**ਸਿਤਾਰ**

ਅਸੀਂ ਸਾਰੇ ਇਸ ਸਾਜ਼ ਤੋਂ ਚੰਗੀ ਤਰ੍ਹਾਂ ਜਾਣੂ ਹਾਂ। ਭਾਵੇਂ ਪੰਜਾਬ ਦੇ ਸੰਗੀਤਕਾਰਾਂ ਵਿੱਚ ਇਹ ਸਾਜ਼ ਬਹੁਤਾ ਪ੍ਰਚੱਲਿਤ ਨਹੀਂ ਹੋਇਆ ਪ੍ਰੰਤੂ ਪ੍ਰਾਚੀਨ ਕਾਲ ਵਿੱਚ ਇਸ ਸਾਜ਼ ਦੀ ਵਰਤੋਂ ਸਿੱਖ-ਕੀਰਤਨ ਵਿੱਚ ਸੰਗਤੀ ਰੂਪ ਵਿੱਚ ਕਾਫੀ ਪ੍ਰਚੱਲਿਤ ਰਹੀ ਹੈ। ਇਸ ਸਾਜ਼ ਦੇ ਤਿੰਨ ਤਾਰ ਹੁੰਦੇ ਸਨ, ਜਿਨ੍ਹਾਂ ਵਿੱਚੋਂ ਇੱਕ ਤਾਰ ਲੋਹੇ ਦਾ ਹੁੰਦਾ ਸੀ ਜੋ ਮੱਧਿਅਮ ਸੁਰ ਨਾਲ ਮਿਲਾਇਆ ਜਾਂਦਾ ਸੀ ਤੇ ਬਾਕੀ ਦੋ ਤਾਰ ਪਿੱਤਲ ਦੇ ਹੁੰਦੇ ਸਨ ਜਿਨ੍ਹਾਂ ਨੂੰ ਸ਼ੜਜ਼ ਸੁਰ ਨਾਲ ਮਿਲਾਇਆ ਜਾਂਦਾ ਸੀ। ਪਹਿਲਾ ਤਾਰ ਮਧਿਅਮ ਵਿੱਚ ਮਿਲਾਏ ਜਾਣ ਦੇ ਕਾਰਨ ਪੰਜਾਬ ਵਿੱਚ ਸਿਤਾਰ ਨੂੰ 'ਮਧਿਅਮ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ। ਇੱਕ ਹੋਰ ਕਥਨ ਅਨੁਸਾਰ ਚਾਰ ਤਾਰਾਂ ਵਾਲਾ ਸਿਤਾਰ ਵੀ ਵਜਾਇਆ ਜਾਂਦਾ ਸੀ ਜਿਸਨੂੰ ਚਾਰਾਗਾਹ ਕਹਿੰਦੇ ਸਨ।[7] ਭਾਵੇਂ ਪ੍ਰਾਚੀਨ ਕਾਲ ਵਿੱਚ ਸਿਤਾਰ ਦੀ ਲੋਕਪ੍ਰਿਅਤਾ ਪੰਜਾਬ ਵਿੱਚ ਘੱਟ ਸੀ ਪ੍ਰੰਤੂ ਅੱਜ ਕੱਲ੍ਹ ਹੋਣ ਵਾਲੇ ਸੰਗੀਤ ਸੰਮੇਲਨਾਂ ਵਿੱਚ ਸਿਤਾਰ ਦੇ



ਕਲਾਕਾਰਾਂ ਦੀ ਵਧ ਰਹੀ ਸੰਖਿਆ ਅਤੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਦਿੱਤੀ ਜਾ ਰਹੀ ਸਿਤਾਰ ਵਾਦਨ ਦੀ ਸਿੱਖਿਆ ਤੋਂ ਸਪੱਸ਼ਟ ਹੈ ਕਿ ਅੱਜ ਕੱਲ੍ਹ ਪੰਜਾਬ ਵਿੱਚ ਸਿਤਾਰ ਪ੍ਰਤੀ ਰੁਚੀ ਵਧ ਰਹੀ ਹੈ।

**ਕਿੰਗਰੀ**

ਕਿੰਗਰੀ/ਕਿੰਗ ਪੰਜਾਬ ਦੇ ਹਰਮਨ ਪਿਆਰੇ ਲੋਕ ਸੰਗੀਤ ਦੇ ਸਾਜ਼ਾਂ ਵਿੱਚੋਂ ਪ੍ਰਮੁੱਖ ਸਾਜ਼ ਹੈ। ਪੰਜਾਬ ਦੇ ਕਲਾਕਾਰ ਕਿੰਗਰੀ ਅਤੇ ਢੱਡ ਵਜਾ ਕੇ ਬੀਰ ਰਸੀ ਵਾਰਾਂ/ਕਵਿਤਾਵਾਂ ਗਾਇਨ ਕਰਿਆ ਕਰਦੇ ਸਨ। ਦੋਨੋ ਹੀ ਸਾਜ਼ ਵਜ਼ਨ ਵਿੱਚ ਹਲਕੇ ਹੋਣ ਕਾਰਨ ਇਨ੍ਹਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਲੈ ਕੇ ਜਾਣਾ ਆਸਾਨ ਸੀ। ਇਹੋ ਕਾਰਨ ਹੈ ਕਿ ਗੁਰੂ ਸਾਹਿਬਾਨ ਵੇਲੇ ਯੁੱਧ ਦੇ ਮੈਦਾਨ ਵਿੱਚ ਸਿਪਾਹੀਆਂ ਨੂੰ ਬੀਰ ਰਸੀ ਵਾਰਾਂ ਸੁਣਾਉਣ ਲਈ ਇਨ੍ਹਾਂ ਸਾਜ਼ਾਂ ਦੀ ਵਰਤੋਂ ਕੀਤੀ ਜਾਂਦੀ ਸੀ। ਬਾਅਦ ਵਿੱਚ ਇਨ੍ਹਾਂ ਦਾ ਪ੍ਰਯੋਗ ਕੀਰਤਨ ਸਮੇਂ ਹੋਣ ਲੱਗਿਆ ਸੀ ਜਿਸਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਤਰ੍ਹਾਂ ਮਿਲਦਾ ਹੈ, **"ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ"**[8] ਇਸ ਸਾਜ਼ ਵਿੱਚ ਭਾਵੇਂ ਅੱਜ ਇੱਕ ਤੂੰਬਾ ਅਤੇ ਇੱਕ ਤਾਰ ਹੈ ਪ੍ਰੰਤੂ ਇਸ ਸਾਜ਼ ਵਿੱਚ ਪਹਿਲਾਂ ਦੋ ਤੂੰਬੇ ਅਤੇ ਦੋ ਤਾਰਾਂ ਹੋਇਆ ਕਰਦੀਆਂ ਸਨ। ਉਨ੍ਹਾਂ ਵਿੱਚ ਹੇਠਲਾ ਤੂੰਬਾ ਚਮੜੇ ਨਾਲ ਮੜ੍ਹਿਆ ਹੁੰਦਾ ਸੀ ਅਤੇ ਤਾਰਾਂ ਨੂੰ ਸਹਾਰਾ ਦੇਣ ਲਈ ਬਰਿਜ ਹੁੰਦਾ ਸੀ। ਇਸ ਸਾਜ਼ ਵਿੱਚ ਕੁਝ ਸਿੱਖ ਇਤਿਹਾਸਕਾਰਾਂ ਅਨੁਸਾਰ ਵਾਰਾਂ ਦੇ ਮੌਕੇ ਕਿੰਗਰੀ ਵਾਦਨ ਦਾ ਪ੍ਰਚਾਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਕੀਤਾ ਸੀ।[9]

**ਇੱਕਤਾਰਾ**

ਪ੍ਰਾਚੀਨ ਕਾਲ ਦੇ ਸਾਰੇ ਸੰਤਾਂ-ਭਗਤ ਕਬੀਰ ਜੀ,ਭਗਤ ਸੂਰਦਾਸ,ਮੀਰਾ, ਸੁਆਮੀ ਹਰੀਦਾਸ ਦਾ ਹਰਮਨ ਪਿਆਰਾ ਸਾਜ਼ ਸੀ। ਪੰਜਾਬ ਵਿੱਚ ਸੱਸੀ-ਪੁਨੂੰ,ਹੀਰ-ਰਾਂਝਾਂ, ਸੋਹਣੀ-ਮਹੀਵਾਲ, ਮਿਰਜਾ-ਸਾਹਿਬਾ ਆਦਿ ਗਾਉਣ ਵੇਲੇ ਇਸ ਸਾਜ਼ ਦੀ ਵਿਸ਼ੇਸ਼ ਤੌਰ ਤੇ ਵਰਤੋਂ ਕੀਤੀ ਜਾਂਦੀ ਸੀ। ਇਹ ਸਾਜ਼ ਵਾਦਨ ਮੌਕੇ ਸਮਾਨ ਰੂਪ ਵਿੱਚ ਟਨ-ਟਨ ਦੀ ਧੁਨੀ ਉਤਪੰਨ ਕਰਦਾ ਹੈ ਜੋ ਗਾਇਨ ਪ੍ਰਕਿਰਿਆ ਵਿੱਚ ਸੁਰ ਕਾਇਮ ਕਰਨ ਲਈ ਅਧਾਰ ਸੁਰ ਦਾ ਕਾਰਜ ਕਰਦਾ ਹੈ। ਇਹ ਸਾਜ਼ ਲਗਭਗ ਤਿੰਨ ਫੁੱਟ ਹੁੰਦਾ ਹੈ ਜਿਸਦੇ ਥੱਲੇ ਗੋਲ ਬਾਂਸ ਦੇ ਟੁਕੜੇ ਨਾਲ ਇੱਕ ਤੂੰਬਾ ਜੋੜਿਆ ਜਾਂਦਾ ਹੈ। ਬਾਂਸ ਦੇ ਇੱਕ ਸਿਰੇ ਨੂੰ ਤੂੰਬੇ ਵਿੱਚ ਸੁਰਾਖ ਕਰਕੇ ਇਸ ਵਿੱਚ ਪਾਇਆ ਜਾਂਦਾ ਹੈ। ਤੂੰਬੇ ਦਾ ਉਪਰਲਾ ਹਿੱਸਾ ਚਮੜੇ ਨਾਲ ਮੜ੍ਹਿਆ ਹੁੰਦਾ ਹੈ। ਇਸ ਵਿੱਚ ਇੱਕਤਾਰ ਹੁੰਦੀ ਹੈ ਜਿਸਨੂੰ ਉਂਗਲੀ ਨਾਲ ਛੇੜਕੇ ਨਾਦ ਉਤਪੰਨ ਕੀਤਾ ਜਾਂਦਾ ਹੈ।

**ਅਲਗੋਜ਼ਾ ਅਤੇ ਬਾਂਸਰੀ**

ਅਲਗੋਜ਼ਾ ਸਾਜ਼ ਪੰਜਾਬ ਦੇ ਲੋਕ ਗਾਇਨ ਅਤੇ ਲੋਕ ਨਾਚ ਦੇ ਨਾਲ ਸੰਗਤੀ ਸਾਜ਼ ਦੇ ਰੂਪ ਵਿੱਚ ਹਰਮਨ ਪਿਆਰਾ ਹੈ। ਬਾਂਸਰੀ ਪ੍ਰਾਚੀਨ ਕਾਲ ਵਿੱਚ ਬਾਂਸ ਦੀ ਬਣਦੀ ਸੀ ਪ੍ਰੰਤੂ ਅੱਜ ਕੱਲ੍ਹ ਧਾਤੂ ਅਤੇ ਕਾਸ਼ਠਦੰਡ ਨੂੰ ਖੋਖਲਾ ਕਰਕੇ ਬਣਾਈ ਜਾਂਦੀ ਹੈ ਇਸ ਵਿੱਚ ਛੇ ਤੋਂ ਲੈ ਕੇ ਨੌਂ ਸੁਰਾਖ ਹੁੰਦੇ ਹਨ। ਇਹ ਦੋ ਪ੍ਰਕਾਰ ਦੀ ਹੁੰਦੀ ਹੈ-ਇੱਕ ਸਿੱਧੀ ਅਤੇ ਦੂਜੀ ਟੇਢੀ। ਅਲਗੋਜ਼ਿਆਂ ਵਿੱਚ ਦੋ ਬਾਂਸਰੀਆਂ ਜੁੜੀਆਂ ਹੁੰਦੀਆਂ ਹਨ। ਇਨ੍ਹਾਂ ਦੋਨਾਂ ਵਿੱਚ ਇੱਕੋ ਸਮੇਂ ਫੂਕ ਮਾਰਕੇ ਵਜਾਇਆ ਜਾਂਦਾ ਹੈ। ਦੋਨੋ ਬਾਂਸਰੀਆਂ ਦੇ ਤਿੰਨ ਤਿੰਨ ਸੁਰਾਖਾਂ ਉਤੇ ਹੱਥਾਂ ਦੀਆਂ ਉਂਗਲੀਆਂ ਧਰਕੇ ਧੁਨਾਂ ਉਤਪੰਨ ਕੀਤੀਆਂ ਜਾਂਦੀਆਂ ਹਨ। ਪੰਜਾਬ ਦੇ ਲੋਕ ਸੰਗੀਤ ਵਿੱਚ ਇਸ ਸਾਜ਼ ਦਾ ਪ੍ਰਯੋਗ ਵਿਸ਼ੇਸ਼ ਤੌਰ ਤੇ ਕੀਤਾ ਜਾਂਦਾ ਹੈ। ਇਸਨੂੰ ਵੰਝਲੀ ਵੀ ਕਹਿੰਦੇ ਹਨ।

**ਲੈਅ ਅਤੇ ਤਾਲ ਵਾਲੇ ਸਾਜ਼**

**ਢੱਡ**

ਡੱਫ ਜਾਂ ਖੰਜਰੀ ਵਰਗ ਦਾ ਇਹ ਸਾਜ਼ ਪੰਜਾਬ ਵਿੱਚ ਲੋਕ ਗਾਇਨ ਅਤੇ ਵਾਰਾਂ ਦੇ ਗਾਇਨ ਵਿੱਚ ਵਿਸ਼ੇਸ਼ ਤੌਰ ਤੇ ਪ੍ਰਯੋਗ ਕੀਤਾ ਜਾਂਦਾ ਹੈ। ਢੱਡ ਦੀ ਵਰਤੋਂ ਢਾਡੀਆਂ ਵੱਲੋਂ ਕੀਰਤਨ ਅਥਵਾ ਵਾਰਾਂ ਗਾਇਨ ਕਰਨ ਮੌਕੇ ਕੀਤੀ ਜਾਂਦੀ ਹੈ। ਕਿੰਗਰੀ ਅਤੇ ਸਾਰੰਗੀ ਦੇ ਨਾਲ ਵੀ ਇਸਦੀ ਵਰਤੋਂ ਸੰਗਤੀ ਸਾਜ਼ ਵਜੋਂ ਕੀਤੀ ਜਾਂਦੀ ਹੈ।

**ਢੋਲਕ**

ਪੰਜਾਬ ਵਿੱਚ ਇਸਨੂੰ ਢੋਲਕੀ ਅਤੇ ਇਸ ਨਾਲ ਗਾਏ ਜਾਣ ਵਾਲੇ ਗੀਤਾਂ ਨੂੰ 'ਢੋਲਕ ਦੇ ਗੀਤ' ਕਿਹਾ ਜਾਂਦਾ ਹੈ। ਪੰਜਾਬ ਹੀ ਨਹੀਂ ਪੂਰੇ ਭਾਰਤ ਵਿੱਚ ਵਿਆਹ ਸ਼ਾਦੀਆਂ, ਤੀਜ ਤਿਉਹਾਰਾਂ, ਲੋਕ-ਨਾਚਾਂ, ਭਜਨ ਗਾਇਨ ਮੌਕੇ ਇਸਦਾ ਪ੍ਰਯੋਗ ਵਿਸ਼ੇਸ਼ ਰੂਪ ਵਿੱਚ ਕੀਤਾ ਜਾਂਦਾ ਹੈ। ਪੰਜਾਬ ਦੇ ਪ੍ਰਸਿੱਦ ਲੋਕ ਨਾਚ ਗਿੱਧੇ ਵਿੱਚ ਇਸਦਾ ਪ੍ਰਯੋਗ ਸੰਗਤੀ ਰੂਪ ਵਿੱਚ ਕੀਤਾ ਜਾਂਦਾ ਹੈ।

ਢੋਲਕ ਦਾ ਵੱਡਾ ਰੂਪ ਢੋਲ ਹੁੰਦਾ ਹੈ ਜੋ ਆਕਾਰ ਵਿੱਚ ਢੋਲਕ ਦੀ ਤਰ੍ਹਾਂ ਪ੍ਰੰਤੂ ਪਰਿਮਾਪ ਵਿੱਚ ਉਸ ਨਾਲੋਂ ਦੁੱਗਣਾ ਤਿੱਗਣਾ ਹੁੰਦਾ ਹੈ। ਇਸਦਾ ਪ੍ਰਯੋਗ ਪੰਜਾਬ ਦੇ ਲੋਕ ਨਾਚ ਭੰਗੜਾ ਵਿੱਚ ਵਿਸ਼ੇਸ਼ ਤੌਰ ਤੇ ਕੀਤਾ ਜਾਂਦਾ ਹੈ।

**ਡਫ ਤੇ ਡਮਰੂ**

ਪੰਜਾਬ ਦੇ ਪਿੰਡਾਂ ਵਿੱਚ ਵਰਖਾ ਰੁੱਤ ਦੇ ਸਮੇਂ ਆਪਣੇ ਕੰਮਾਂ ਕਾਰਾਂ ਵਿੱਚੋਂ ਕੁਝ ਪਲ ਕੱਢਕੇ ਸੰਗੀਤ ਦੀਆਂ ਮਹਿਫਲਾਂ ਆਯੋਜਿਤ ਕਰਦੇ ਹਨ ਜਿਨ੍ਹਾਂ ਵਿੱਚ ਇਹ ਗੁੱਗਾ ਨਾਮਕ ਲੋਕ ਗੀਤ ਗਾਉਂਦੇ ਹਨ। ਜੋ ਕਰੁਣਾ ਰਸ ਪ੍ਰਧਾਨ ਕਵਿਤਾ ਹੈ। ਇਸ ਵਿੱਚ ਡਮਰੂ ਸਾਜ਼ ਦੀ ਵਰਤੋਂ ਸੰਗਤੀ ਸਾਜ਼ ਵਜੋਂ ਕੀਤੀ ਜਾਂਦੀ ਹੈ। ਇਸ ਦੀ ਗੂੰਜ ਕਰੁਣਾ ਰਸ ਨੂੰ ਹੋਰ ਤੀਬਰਤਾ ਪ੍ਰਦਾਨ ਕਰਦੀ ਹੈ।

ਪੰਜਾਬ ਦੇ ਲੋਕ ਗੀਤਾਂ ਵਿੱਚ ਵਿਸ਼ੇਸ਼ ਤੌਰ ਤੇ ਵਰਤੇ ਜਾਣ ਵਾਲੇ ਸਾਜ਼ ਡਫ/ਡਫਲੀ ਆਰੀਅਨ ਦਾ ਪ੍ਰਾਚੀਨ ਸਾਜ਼ ਹੈ ਜਿਸਨੂੰ ਫਾਰਸੀ ਵਿੱਚ ਦਫ ਕਿਹਾ ਜਾਂਦਾ ਹੈ। ਇਹ ਖੱਲ ਨਾਲ ਮੜ੍ਹਿਆ ਹੋਇਆ ਗੋਲ ਘੇਰਾ ਹੁੰਦਾ ਹੈ। ਇਸਦਾ ਵਿਆਸ 2 ਫੁੱਟ ਤੋਂ ਵੀ ਜ਼ਿਆਦਾ ਹੋ ਸਕਦਾ ਹੈ। ਪੰਜਾਬ ਤੋਂ ਇਲਾਵਾ ਰਾਜਸਥਾਨ ਦੇ ਲੋਕ ਗੀਤਾਂ ਅਤੇ ਲੋਕ ਨਾਚਾਂ ਵਿੱਚ ਵੀ ਇਸਦਾ ਪ੍ਰਯੋਗ ਕੀਤਾ ਜਾਂਦਾ ਹੈ।

**ਪਖਾਵਜ਼**

ਤਬਲੇ ਦੇ ਪ੍ਰਚਲਨ ਤੋਂ ਪਹਿਲਾਂ ਪੰਜਾਬ ਵਿੱਚ ਪਖਾਵਜ਼ ਜਾਂ ਮ੍ਰਿਦੰਗ ਹੀ ਹਰਮਨ ਪਿਆਰਾ ਸਾਜ਼ ਸੀ।[10] ਪਖਾਵਜ਼ ਦੀ ਵਿਸ਼ੇਸ਼ਤਾ ਇਹ ਸੀ ਕਿ ਇਹ ਮੱਧ ਕਾਲ ਦਾ ਇੱਕ ਅਤਿਅੰਤ ਪ੍ਰਸਿੱਧ ਸਾਜ਼ ਸੀ ਜੋ ਕੰਠ ਸੰਗੀਤ ਬੀਨ, ਰਬਾਬ, ਵੀਣਾ ਆਦਿ ਸਾਜ਼ਾਂ ਦੀ ਸੰਗਤ ਵਿੱਚ ਪ੍ਰਯੋਗ ਕੀਤਾ ਜਾਂਦਾ ਸੀ। ਰਬਾਬੀ ਅਤੇ ਸਿੱਖ ਰਾਗੀ ਸ਼ਬਦ-ਰੀਤਾਂ ਦੇ ਗਾਇਨ ਦੇ ਨਾਲ ਪਖਾਵਜ ਦੀ ਸੰਗਤ ਪਸੰਦ ਕਰਦੇ ਸਨ ਕਿਉਂਕਿ ਸ਼ਬਦ-ਰੀਤ ਰਚਨਾਵਾਂ ਧਰੁਪਦ, ਧਮਾਲ ਤੇ ਸਾਦਰਾ ਗੀਤ ਪ੍ਰਕਾਰਾਂ ਉਤੇ ਅਧਾਰਿਤ ਹੁੰਦੀਆਂ ਸਨ। ਇਨ੍ਹਾਂ ਦੇ ਨਾਲ ਪਖਾਵਜ ਦੀ ਸੰਗਤ ਨਾਲ ਸਿੱਖ ਭਗਤੀ ਸੰਗੀਤ ਦੀ ਭਾਵਨਾ ਵਿੱਚ ਵਾਧਾ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਪਖਾਵਜ ਸਾਜ਼ ਦੇ ਪ੍ਰਸੰਗ ਵਿੱਚ ਗੁਰੂ ਨਾਨਕ ਦੇਵ ਜੀ ਨੇ ਇਉਂ ਜਾ ਰਿਹਾ ਹੈ :-

**ਵਾਜਾ ਮਤਿ ਪਖਾਵਜੁ ਭਾਉ॥ ਹੋਇ ਅਨੰਦੁ ਸਦਾ ਮਨਿ ਚਾਉ॥**[11]

ਖ਼ਿਆਲ ਗਾਇਕੀ ਪਰੰਪਰਾ ਦੇ ਪੂਰਨ ਰੂਪ ਵਿੱਚ ਪ੍ਰਚਾਰੇ ਜਾਣ ਤੱਕ ਪੰਜਾਬ ਵਿੱਚ ਜ਼ਿਆਦਾ ਸਮਾਂ ਧਰੁਪਦ ਗਾਇਕੀ ਪਰੰਪਰਾ ਪ੍ਰਚੱਲਿਤ ਰਹੀ। ਇਸ ਤੋਂ ਇਲਾਵਾ ਹੋਰ ਸੂਬਿਆਂ ਵਿੱਚ ਪੰਜਾਬ ਦੇ ਮੁਕਾਬਲੇ ਧਰੁਪਦ ਦੇ ਘਰਾਣੇ ਕਿਤੇ ਜ਼ਿਆਦਾ ਅਤੇ ਸਿੱਖ ਕੀਰਤਨ ਵਿੱਚ ਵੀ ਧਰੁਪਦ ਅੰਗ



ਪ੍ਰਧਾਨ ਹੋਣ ਦੇ ਕਾਰਨ ਪਖਾਵਜ਼ ਕੇਵਲ ਗੁਰਦੁਆਰੇ ਵਿੱਚ ਹੀ ਨਹੀਂ ਸਗੋਂ ਪੂਰੇ ਪੰਜਾਬ ਵਿੱਚ ਪੰਜ ਸਦੀਆਂ ਤੱਕ ਪ੍ਰਚੱਲਿਤ ਸਾਜ਼ ਰਿਹਾ। ਬਾਅਦ ਵਿੱਚ ਖਿਆਲ ਗਾਇਕੀ ਦੇ ਆਰੰਭ ਹੋਣ ਨਾਲ ਤਬਲੇ ਨੇ ਪਖਾਵਜ਼ ਦੀ ਥਾਂ ਲੈ ਲਈ।

**ਤਬਲਾ**

ਸਿੱਖ ਰਾਗੀਆਂ ਵੱਲੋਂ ਕੀਰਤਨ ਵਿੱਚ ਬਹੁਤ ਸਮੇਂ ਤੱਕ ਪਖਾਵਜ ਦੀ ਸੰਗਤ ਪ੍ਰਚੱਲਿਤ ਰਹੀ ਪ੍ਰੰਤੂ ਤਬਲੇ ਦੇ ਪ੍ਰਚੱਲਿਤ ਹੋਣ ਨਾਲ ਇਹ ਸਾਜ਼ ਪੰਜਾਬ ਵਿੱਚ ਹੀ ਨਹੀਂ ਸਗੋਂ ਪੂਰੇ ਉਤਰੀ ਭਾਰਤੀ ਸੰਗੀਤ ਵਿੱਚ ਛਾ ਗਿਆ। ਇਸਦਾ ਪ੍ਰਮੁੱਖ ਕਾਰਨ ਇਸਦੀ ਵਾਦਨ ਸੁਗਮਤਾ, ਮਿੱਠੀ ਆਵਾਜ਼, ਕਿਤੇ ਵੀ ਲੈ ਜਾਣ ਲਿਆਉਣ ਦੀ ਸੁਵਿਧਾ ਸੀ। ਦੂਜਾ ਵੱਡਾ ਕਾਰਨ ਇਹ ਸੀ ਕਿ ਜੇਕਰ ਪਖਾਵਜ ਦਾ ਇੱਕ ਹਿੱਸਾ ਫਟ ਜਾਵੇ ਤਾਂ ਇਹ ਕਿਤੇ ਲੈ ਜਾਣ ਯੋਗ ਨਹੀਂ ਰਹਿੰਦਾ ਜਦਕਿ ਤਬਲੇ ਵਿੱਚ ਅਜਿਹੀ ਸਥਿਤੀ ਹੋਣ ਸਮੇਂ ਦੂਸਰਾ ਸਾਜ਼ ਲੈ ਕੇ ਸੰਗਤ ਕੀਤੀ ਜਾ ਸਕਦੀ ਹੈ।

ਪੰਜਾਬ ਵਿੱਚ ਤਬਲੇ ਦੇ ਆਰੰਭ ਤੋਂ ਲੈ ਕੇ ਕਾਫੀ ਸਮੇਂ ਬਾਅਦ ਤੱਕ ਤਬਲੇ ਦੇ ਦੋਨੋ ਭਾਗ ਉਖਲੀ ਦੇ ਆਕਾਰ ਦੇ, ਉਪਰ ਤੋਂ ਥੱਲੇ ਤੱਕ ਬਰਾਬਰ ਹੁੰਦੇ ਸਨ ਅਤੇ ਦੋਨੋ ਭਾਗ ਹੀ ਲੱਕੜੀ ਦੇ ਬਣੇ ਹੁੰਦੇ ਸਨ। ਬਾਅਦ ਵਿੱਚ ਸ਼ਾਸਤਰੀ ਸੰਗੀਤ ਦੇ ਪ੍ਰਯੁਕਤ/ਢੁਕਵੇਂ ਨਾ ਹੋਣ ਦੇ ਬਾਵਜੂਦ ਵੀ ਬਹੁਤ ਸਮੇਂ ਤੱਕ ਸਿੱਖ ਕੀਰਤਨ ਵਿੱਚ ਪ੍ਰਯੋਗ ਕੀਤੇ ਜਾਂਦੇ ਰਹੇ। ਇਸ ਉਖਲੀਨੁਮਾ ਤਬਲੇ ਵਿੱਚ ਸੱਜੇ ਦੀ ਆਵਾਜ਼ ਪਤਲੀ ਹੋਣ ਕਾਰਨ ਉਸਨੂੰ ਮਦੀਨ ਜਾਂ ਨਾਰੀ ਅਤੇ ਖੱਬੇ ਦੀ ਆਵਾਜ਼ ਗੰਭੀਰ ਹੋਣ ਕਾਰਨ ਉਸਨੂੰ ਧੱਮਾ ਜਾਂ ਨਰ ਕਿਹਾ ਜਾਂਦਾ ਸੀ। ਆਪਣੀ ਲੋਕਪ੍ਰਿਅਤਾ ਦੇ ਕਾਰਨ ਪੰਜਾਬ ਵਿੱਚ ਤਬਲਾ ਵਾਦਨ ਨੇ ਆਪਣਾ ਅਹਿਮ ਸਥਾਨ ਬਣਾਇਆ।

ਇਸ ਪ੍ਰਕਾਰ ਉਕਤ ਸਾਰੇ ਸਾਜ਼ਾਂ ਦੀ ਜਾਣ ਪਛਾਣ ਤੇ ਇਤਿਹਾਸ ਤੇ ਝਾਤ ਮਾਰਿਆਂ ਪਤਾ ਲੱਗਦਾ ਹੈ ਕਿ ਪੰਜਾਬ ਵਿੱਚ ਸਾਜ਼ਾਂ ਦਾ ਪ੍ਰਯੋਗ ਸੰਗਤੀ ਸਾਜ਼ਾਂ ਦੇ ਰੂਪ ਵਿੱਚ ਵਿਸ਼ੇਸ਼ ਤੌਰ ਤੇ ਹੋਇਆ। ਤੰਤੀ ਸਾਜ਼ਾਂ ਦੇ ਵਰਗ ਵਿੱਚ ਵਿੱਚਿਤਰ ਵੀਣਾ ਦਾ ਪ੍ਰਯੋਗ ਸੁਤੰਤਰ ਵਾਦਨ ਦੇ ਰੂਪ ਵਿੱਚ ਹੋਇਆ। ਇਨ੍ਹਾਂ ਵਿੱਚੋਂ ਸਭ ਤੋਂ ਜ਼ਿਆਦਾ ਲੋਕਪ੍ਰਿਅਤਾ ਤਬਲਾ ਵਾਦਨ ਨੂੰ ਮਿਲੀ ਅਤੇ ਪੰਜਾਬ ਘਰਾਣੇ ਦੇ ਕਈ ਤਬਲਾ ਵਾਦਕ ਭਾਰਤ ਹੀ ਨਹੀਂ ਸਗੋਂ ਸੰਸਾਰ ਪੱਧਰ ਤੇ ਆਪਣੀ ਵਿਸ਼ੇਸ਼ ਪਹਿਚਾਣ ਬਣਾ ਚੁੱਕੇ ਹਨ।

**ਹਵਾਲੇ ਅਤੇ ਟਿੱਪਣੀਆਂ**

1. ਏ. ਐਸ. ਗੋਸਲ - 'ਸਿੱਖ ਧਰਮ ਅਤੇ ਸੰਗੀਤ', ਪੰਨਾ 64
2. ਭਾਈ ਕਾਨ੍ਹ ਸਿੰਘ - 'ਗੁਰੂਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ 128
3. ਸਾਦਿਕ ਅਲੀ ਖਾਂ - 'ਕਾਨੂੰਨੇ ਮੁਸੀਕੀ', ਪੰਨਾ 304
4. 'ਸ੍ਰੀ ਗੁਰੂ ਗ੍ਰੰਥ ਸਾਹਿਬ', ਭੈਰਵ ਮਹਲਾ 5, ਚਉਪਦੇ ਘਰ ਦੂਜਾ, ਅੰਗ 1140
5. Captain Day - 'Music & Musical Instruments of Southern India & The Deccan', Page 127
6. ਡਾ. ਸੁਸ਼ੀਲ ਕੁਮਾਰ ਚੌਬੇ - 'ਹਿੰਦੋਸਤਾਨੀ ਸੰਗੀਤ ਕੇ ਰਤਨ', ਪੰਨਾ 255
7. Dr. A.S Paintal - 'The Nature & Place of Music', Page 322
8. 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਸ੍ਰੀ ਰਾਗ ਮਹਲਾ 1, ਅੰਗ 62
9. ਗੀਤਾ ਪੈਂਤਲ - 'ਪੰਜਾਬ ਦੀ ਸੰਗੀਤ ਪਰੰਪਰਾ', ਪੰਨਾ 228
10. Dr. A.S Paintal - 'The Nature & Place of Music', Page 330
11. 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਸ੍ਰੀ ਰਾਗ ਮਹਲਾ 2, ਚਉਪਦੇ ਘਰ ਦੂਜਾ, ਅੰਗ 350

♣♣♣♣♣♣♣

# ਭੋਜਨ ਪ੍ਰਕਿਰਿਆ-2

ਜੀਉਂਦੇ ਰਹਿਣ ਲਈ ਤਿੰਨ ਪ੍ਰਮੁੱਖ ਕਾਰਕਾਂ ਵਿੱਚ ਆਹਾਰ ਦਾ ਦੂਸਰਾ ਸਥਾਨ ਹੈ, ਪਹਿਲਾ ਸਾਹ ਕਿਰਿਆ ਜਦਕਿ ਤੀਸਰਾ ਸਥਾਨ ਨੀਂਦ/ਆਰਾਮ ਦਾ ਹੈ। ਆਹਾਰ/ਭੋਜਨ ਸਰੀਰ ਅੰਦਰ ਨਿਰੰਤਰ ਨਸ਼ਟ ਹੋ ਰਹੀਆਂ ਕੋਸ਼ਿਕਾਵਾਂ/ਸੈਲਾਂ ਦੀ ਪੂਰਤੀ ਦੇ ਨਾਲ-ਨਾਲ ਪਾਲਣ-ਪੋਸ਼ਣ ਵੀ ਹੁੰਦਾ ਰਹਿੰਦਾ ਹੈ। ਖਾਣ ਵਾਲੇ ਹਰ ਪਦਾਰਥ ਵਿੱਚ ਗੁਣ ਅਤੇ ਦੋਸ਼ ਹੁੰਦੇ ਹਨ। ਇਨ੍ਹਾਂ ਪਦਾਰਥਾਂ ਦਾ ਸੇਵਨ ਕਰਨ ਉਪਰੰਤ ਇਹ ਪਦਾਰਥ ਸਰੀਰ ਨੂੰ ਪ੍ਰਭਾਵਿਤ ਕਰਦੇ ਹਨ। ਇਸ ਤੋਂ ਇਲਾਵਾ ਭੋਜਨ ਦੀ ਮਾਤਰਾ, ਭੋਜਨ ਨੂੰ ਤਿਆਰ ਕਰਨ/ਪਕਾਉਣ ਦੀ ਵਿਧੀ, ਖਾਣ ਦਾ ਢੰਗ, ਸਥਾਨ ਅਤੇ ਸਮਾਂ ਆਦਿ ਵੀ ਸਰੀਰ ਤੇ ਆਪੋ-ਆਪਣਾ ਪ੍ਰਭਾਵ ਪਾਉਂਦੇ ਹਨ।

ਜੇ ਪੌਸ਼ਟਿਕ ਭੋਜਨ ਵੀ ਜ਼ਿਆਦਾ ਮਾਤਰਾ ਵਿੱਚ ਗ਼ਲਤ ਢੰਗ ਨਾਲ ਤਿਆਰ ਕਰਕੇ ਤਰੁੱਟੀ ਪੂਰਨ ਤਰੀਕੇ ਨਾਲ ਅਣਉਚਿਤ ਸਥਾਨ ਅਤੇ ਸਮੇਂ ਅਨੁਸਾਰ ਖਾਧਾ ਜਾਵੇਗਾ ਤਾਂ ਉਹ ਜਾਂ ਤਾਂ ਆਪਣੇ ਗੁਣਾਂ ਅਨੁਸਾਰ ਲਾਭ ਨਹੀਂ ਪਹੁੰਚਾਏਗਾ ਕਈ ਵਾਰ ਅਜਿਹੇ ਢੰਗ ਨਾਲ ਗ੍ਰਹਿਣ ਕੀਤਾ ਭੋਜਨ ਨੁਕਸਾਨ ਵੀ ਪਹੁੰਚਾ ਸਕਦਾ ਹੈ।

ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਭੋਜਨ ਪ੍ਰਕਿਰਿਆ ਵਿੱਚ ਤਿੰਨ ਕਿਰਿਆਵਾਂ ਦਾ ਸੰਤੁਲਨ ਸਥਾਪਿਤ ਕਰਨਾ ਜ਼ਰੂਰੀ ਹੈ। ਅਣਉਚਿਤ ਭੋਜਨ ਨਾਲ ਇਹ ਸੰਤੁਲਨ ਅਸੰਤੁਲਨ ਵਿੱਚ ਬਦਲ ਜਾਂਦਾ ਹੈ ਅਤੇ ਸਰੀਰ ਨੂੰ ਨੁਕਸਾਨ ਪਹੁੰਚਾਉਂਦਾ ਹੈ। ਉਦਾਹਰਨ ਦੇ ਤੌਰ ਤੇ ਜਲਦਬਾਜ਼ੀ ਵਿੱਚ ਕੀਤਾ ਗਿਆ ਭੋਜਨ ਜਿਸਨੂੰ ਠੀਕ ਤਰੀਕੇ ਨਾਲ ਚਬਾਇਆ ਨਾ ਗਿਆ ਹੋਵੇ ਸਰੀਰ ਵਿੱਚ ਦੋਸ਼ ਪੈਦਾ ਕਰ ਦਿੰਦਾ ਹੈ। ਇਸੇ ਤਰ੍ਹਾਂ ਜੇ ਭੋਜਨ ਨੂੰ ਠੀਕ ਤਰੀਕੇ ਨਾਲ ਪਕਾਇਆ/ਰਿੰਨ੍ਹਿਆ ਨਾ ਜਾਵੇ ਜਾਂ ਜ਼ਿਆਦਾ ਰਿੰਨ੍ਹ ਲਿਆ ਜਾਵੇ ਤਾਂ ਵੀ ਉਸਦੇ ਗੁਣ/ਤਾਸੀਰ ਬਦਲ ਜਾਂਦੇ ਹਨ। ਕਈ ਖਾਧ-ਪਦਾਰਥ ਪਕਾਉਣ/ਰਿੰਨ੍ਹਣ ਉਪਰੰਤ ਆਪਣੇ ਗੁਣ ਬਦਲ ਦਿੰਦੇ ਹਨ। ਕੁਝ ਭੋਜਨ ਸਵੇਰੇ ਖਾਣ ਨਾਲ ਸਰੀਰ ਨੂੰ ਲਾਭ ਪਹੁੰਚਾਉਂਦੇ ਹਨ, ਪ੍ਰੰਤੂ ਉਹੀ ਭੋਜਨ ਰਾਤ ਨੂੰ ਖਾਣ ਕਰਕੇ ਨੁਕਸਾਨ ਦਾ ਕਾਰਨ ਵੀ ਬਣ ਜਾਂਦੇ ਹਨ। ਕੁਝ ਭੋਜਨ ਕਿਸੇ ਖਾਸ ਮੌਸਮ ਵਿੱਚ ਹੀ ਲਾਭ ਦਿੰਦੇ ਹਨ।

ਇੱਥੇ ਅਸੀਂ ਬੇਮੇਲ/ਬੇਮੌਕਾ ਭੋਜਨ ਬਾਰੇ ਵਿਚਾਰ ਕਰਾਂਗੇ। ਕਈ ਲੋਕਾਂ ਦਾ ਵਿਚਾਰ ਹੈ ਕਿ ਭੋਜਨ ਤਾਂ ਭੋਜਨ ਹੈ ਮੇਲ ਜਾਂ ਬੇਮੇਲ ਦਾ ਭੋਜਨ ਨਾਲ ਕੀ ਸੰਬੰਧ ? ਪ੍ਰੰਤੂ ਜੇ ਆਯੁਰਵੈਦ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਇਹ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਉਲਟ ਸੁਭਾਅ/ਤਾਸੀਰ ਦੇ ਖਾਧ ਪਦਾਰਥਾਂ ਨੂੰ ਇੱਕੋ ਵੇਲੇ ਖਾਣਾਂ ਬਹੁਤ ਨੁਕਸਾਨਦਾਇਕ ਹੁੰਦਾ ਹੈ, ਇਸਦੇ ਨਾਲ ਹੀ ਬੇਮੌਕਾ, ਬੇਮੇਲ ਭੋਜਨ ਵੀ ਸਿਹਤ ਕਈ ਹਾਨੀਕਾਰਕ ਸਿੱਧ ਹੁੰਦਾ ਹੈ। ਪਾਠਕਾਂ ਦੀ ਜਾਣਕਾਰੀ ਲਈ ਇੱਥੇ ਖਾਧ ਪਦਾਰਥਾਂ ਬਾਰੇ ਜਾਣਕਾਰੀ ਪੇਸ਼ ਕੀਤੀ ਜਾ ਰਹੀ ਹੈ।

## ਸਰੀਰ ਦੀ ਤੰਦਰੁਸਤੀ ਲਈ ਕੁਝ ਜ਼ਰੂਰੀ ਨੁਕਤੇ

### ਦੁੱਧ ਨਾਲ ਕਿਹੜੇ-ਕਿਹੜੇ ਪਦਾਰਥ ਨਹੀਂ ਖਾਣੇ ਚਾਹੀਦੇ ?

ਦੁੱਧ ਇੱਕ ਸੰਪੂਰਨ ਭੋਜਨ ਹੈ, ਇਸ ਲਈ ਇਸਦੇ ਨਾਲ ਹੋਰ ਕੋਈ ਵੀ ਖਾਧ ਪਦਾਰਥ ਨਹੀਂ ਖਾਣਾ ਚਾਹੀਦਾ। ਮੂਲੀ, ਲਸਣ, ਤਰਬੂਜ, ਖੱਟੇ ਅਤੇ ਨਮਕੀਨ ਪਦਾਰਥ ਵੀ ਦੁੱਧ ਨਾਲ ਸੇਵਨ ਕਰਨ ਨਾਲ ਇਹ ਲਾਭ ਕਰਨ ਦੀ ਬਜਾਇ ਨੁਕਸਾਨ ਪਹੁੰਚਾਉਂਦੇ ਹਨ। ਅਸੀਂ ਉਤੇ ਜ਼ਿਕਰ ਕਰ ਚੁੱਕੇ ਹਾਂ ਕਿ ਦੁੱਧ ਇੱਕ ਸੰਪੂਰਨ ਭੋਜਨ ਹੈ, ਇਸਦਾ ਸੇਵਨ ਕਰਨ ਨਾਲ ਹੀ ਪੂਰੀ ਪਾਚਨ ਪ੍ਰਣਾਲੀ ਦੁੱਧ ਨੂੰ ਹਜ਼ਮ ਕਰਨ ਲਈ ਕਿਰਿਆਸ਼ੀਲ ਹੋ ਜਾਂਦੀ ਹੈ। ਦੁੱਧ ਦੇ ਨਾਲ ਖੱਟੇ ਪਦਾਰਥ ਜਾਂ ਇਸਦੀ ਤਾਸੀਰ/ਸੁਭਾਅ ਦੇ ਉਲਟ ਸੁਭਾਅ ਵਾਲੇ ਪਦਾਰਥਾਂ ਦੇ ਸੇਵਨ ਨਾਲ ਦੁੱਧ ਪੇਟ ਵਿੱਚ ਜਾ ਕੇ ਦਹੀਂ ਬਣ ਜਾਂਦਾ ਹੈ, ਜੋ ਹਜ਼ਮ ਹੋਣ ਲਈ ਬਹੁਤ ਸਮਾਂ ਲੈਂਦਾ ਹੈ ਤੇ ਜਦੋਂ ਤੱਕ ਇਹ ਦਹੀਂ ਹਜ਼ਮ ਨਹੀਂ ਹੁੰਦਾ ਉਦੋਂ ਤਕ ਪੇਟ ਵਿੱਚ ਪਹੁੰਚਿਆ ਕੋਈ ਵੀ ਪਦਾਰਥ ਹਜ਼ਮ ਨਹੀਂ ਹੁੰਦਾ ਤੇ ਪੇਟ ਭਾਰਾ-ਭਾਰਾ ਮਹਿਸੂਸ ਹੁੰਦਾ ਰਹਿੰਦਾ ਹੈ।



ਸ਼ਾਕਾਹਾਰੀ ਭੋਜਨ ਦਾ ਸੇਵਨ ਕਰਨ ਉਪਰੰਤ ਇਕਦਮ ਬਾਅਦ ਵੀ ਦੁੱਧ ਨਹੀਂ ਪੀਣਾ ਚਾਹੀਦਾ ਕਿਉਂਕਿ ਇਸ ਤਰ੍ਹਾਂ ਵੀ ਪਾਚਨ ਪ੍ਰਣਾਲੀ ਤੇ ਖਾਧੇ ਗਏ ਭੋਜਨ ਦਾ ਭਾਰ ਦੁੱਗਣਾ ਹੋ ਜਾਂਦਾ ਹੈ। ਜਿਸ ਨਾਲ ਕਈ ਵਾਰ ਪੇਟ ਦਰਦ ਜਾਂ ਦਸਤ ਲੱਗਣ ਦੀ ਸਮੱਸਿਆ ਵੀ ਪੈਦਾ ਹੋ ਜਾਂਦੀ ਹੈ।

### ਦਹੀਂ ਨਾਲ ਕਿਹੜੀ-ਕਿਹੜੀ ਵਸਤੂ ਨਹੀਂ ਖਾਣੀ ਚਾਹੀਦੀ

ਦਹੀਂ ਪੰਜਾਬੀਆਂ ਦਾ ਮਨਭਾਉਂਦਾ ਭੋਜਨ ਹੈ। ਇਸਦੀ ਵਰਤੋਂ ਨਾਸ਼ਤੇ ਨਾਲ ਕੀਤੀ ਜਾਣੀ ਚਾਹੀਦੀ ਹੈ। ਦੁਪਹਿਰ ਦੇ ਭੋਜਨ ਨਾਲ ਵੀ ਇਸਦਾ ਸੇਵਨ ਠੀਕ ਹੈ, ਪ੍ਰੰਤੂ ਸ਼ਾਮ ਨੂੰ ਇਸਦਾ ਸੇਵਨ ਠੀਕ ਨਹੀਂ ਕਿਉਂਕਿ ਰਾਤ ਨੂੰ ਖਾਸ ਕਰ ਮਿੱਠਾ ਦਹੀਂ ਖਾਣ ਨਾਲ ਖ਼ੂਨ ਦੀ ਕਮੀ, ਚੱਕਰ ਆਉਣ ਦੀ ਸ਼ਿਕਾਇਤ, ਪੀਲੀਆ ਅਤੇ ਬੁਖ਼ਾਰ ਆਦਿ ਦੀ ਸਮੱਸਿਆ ਵੀ ਪੈਦਾ ਹੋ ਸਕਦੀ ਹੈ। ਜੇ ਰਾਤ ਨੂੰ ਦਹੀਂ ਖਾਣਾ ਜ਼ਰੂਰੀ ਹੋਵੇ ਤਾਂ ਉਸ ਵਿੱਚ ਭੁੰਨਿਆ ਹੋਇਆ ਜ਼ੀਰਾ, ਕਾਲੀ ਮਿਰਚ ਅਤੇ ਥੋੜ੍ਹਾ ਜਿਹਾ ਘਿਓ ਮਿਲਾ ਲੈਣਾ ਚਾਹੀਦਾ ਹੈ।

### ਖੱਟੇ ਅਤੇ ਮਿੱਠੇ ਫਲ ਇਕੱਠੇ ਨਾ ਖਾਓ

ਕੇਲਾ, ਖਜੂਰ, ਚੀਕੂ ਤੇ ਪਪੀਤਾ ਆਦਿ ਮਿੱਠੇ ਫਲਾਂ ਨਾਲ ਅੰਗੂਰ, ਮੁਸੰਮੀ ਤੇ ਸੰਤਰੇ ਵਰਗੇ ਖੱਟੇ ਫਲ ਨਹੀਂ ਖਾਣੇ ਚਾਹੀਦੇ। ਭਾਵੇਂ ਇਨ੍ਹਾਂ ਨੂੰ ਇਕੱਠਿਆਂ ਖਾਣ ਨਾਲ ਕੋਈ ਵਿਕਾਰ ਤਾਂ ਪੈਦਾ ਨਹੀਂ ਹੁੰਦਾ ਪਰ ਇਨ੍ਹਾਂ ਦੇ ਸੁਭਾਅ/ਤਾਸੀਰ ਅਲੱਗ-ਅਲੱਗ ਹੋਣ ਕਾਰਨ ਪਾਚਨ ਪ੍ਰਣਾਲੀ ਵਿੱਚ ਮੁਸ਼ਕਿਲ ਪੈਦਾ ਹੋ ਸਕਦੀ ਹੈ।

### ਚਾਹ, ਕਾਫ਼ੀ ਦੇ ਨਾਲ ਠੰਡੇ ਕੋਲ ਡਰਿੰਕ ਨਾ ਪੀਓ

ਠੰਡੇ ਅਤੇ ਗਰਮ ਖਾਧ-ਪਦਾਰਥਾਂ ਦੇ ਇਕੱਠਿਆਂ ਸੇਵਨ ਕਰਨਾ ਸਿਹਤ ਲਈ ਹਾਨੀਕਾਰਕ ਹੋ ਸਕਦਾ ਹੈ, ਇਸਦੇ ਨਾਲ ਹੀ ਠੰਡੀਆਂ ਅਤੇ ਗਰਮ ਚੀਜ਼ਾਂ ਦੀ ਇਕੱਠਿਆਂ ਕੀਤੀ ਵਰਤੋਂ ਦੰਦਾਂ ਦੀ ਮਜ਼ਬੂਤੀ ਅਤੇ ਪਾਚਨ ਪ੍ਰਣਾਲੀ ਨੂੰ ਵੀ ਪ੍ਰਭਾਵਿਤ ਕਰਦੀ ਹੈ। ਇਨ੍ਹਾਂ ਤੋਂ ਇਲਾਵਾ ਮਿੱਠੇ ਫਲਾਂ ਨਾਲ ਚੀਨੀ ਜਾਂ ਮਠਿਆਈ ਨਹੀਂ ਖਾਣੀ ਚਹੀਦੀ।

* ਸਬਜ਼ੀਆਂ ਅਤੇ ਫਲ ਇੱਕੋ ਸਮੇਂ ਨਹੀਂ ਖਾਣੇ ਚਾਹੀਦੇ।
* ਪਪੀਤਾ, ਖੀਰਾ ਤੇ ਤਰਬੂਜ਼ ਖਾਣ ਤੋਂ ਇਕਦਮ ਪਿੱਛੋਂ ਪਾਣੀ ਨਹੀਂ ਪੀਣਾ ਚਾਹੀਦਾ ਹੈ।
* ਅੰਬ ਅਤੇ ਪਪੀਤੇ ਵਰਗੇ ਗੁੱਦੇਦਾਰ ਫਲਾਂ ਨਾਲ ਰਸ ਵਾਲੇ ਫਲ ਨਹੀਂ ਖਾਣੇ ਚਾਹੀਦੇ।
* ਘਿਓ ਤੇ ਸ਼ਹਿਦ ਕਦੇ ਵੀ ਬਰਾਬਰ ਮਾਤਰਾ ਵਿੱਚ ਨਹੀਂ ਖਾਣਾ ਚਾਹੀਦਾ।
* ਸ਼ਹਿਦ ਨੂੰ ਗਰਮ ਪਾਣੀ ਵਿੱਚ ਪਾ ਕੇ ਪੀਣ ਨਾਲ ਸਰੀਰ ਵਿੱਚ ਕਈ ਤਰ੍ਹਾਂ ਦੇ ਵਿਕਾਰ ਪੈਦਾ ਹੋ ਜਾਂਦੇ ਹਨ।
* ਤੇਲ ਦੁਆਰਾ ਬਣੀਆਂ ਹੋਈਆਂ ਚੀਜ਼ਾਂ ਨੂੰ ਕਾਂਜੀ ਨਾਲ ਖਾਣਾ ਵੀ ਹਾਨੀਕਾਰਕ ਸਿੱਧ ਹੋ ਸਕਦਾ ਹੈ।
* ਜਦੋਂ ਤੱਕ ਭੋਜਨ ਪੂਰੀ ਤਰ੍ਹਾਂ ਹਜ਼ਮ ਨਾ ਹੋ ਜਾਵੇ ਦੁੱਧ ਨਹੀਂ ਪੀਣਾ ਚਾਹੀਦਾ।
* ਖੀਰ ਅਤੇ ਖਿਚੜੀ ਨੂੰ ਮਿਲਾ ਕੇ ਖਾਣ ਤੋਂ ਗੁਰੇਜ ਕਰਨਾ ਚਾਹੀਦਾ।
* ਰਬੜੀ ਲੱਸੀ ਅਈਸ ਕਰੀਮ ਦੀ ਵਰਤੋਂ ਵੀ ਭੋਜਨ ਦੇ ਨਾਲ ਨਹੀਂ ਕਰਨੀ ਚਾਹੀਦੀ।
* ਭੋਜਨ ਨਾਲ ਫਲਾਂ ਦਾ ਰਸ ਪੀਣ ਨਾਲ ਮਿਹਦੇ ਵਿੱਚ ਰਸਾਇਣਿਕ ਕਿਰਿਆ ਹੁੰਦੀ ਹੈ, ਇਸ ਲਈ ਭੋਜਨ ਅਤੇ ਫਲ ਇਕੱਠੇ ਨਹੀਂ ਖਾਣੇ ਚਾਹੀਦੇ ਕਿਉਂਕਿ ਫਲ ਜਲਦੀ ਹਜ਼ਮ ਹੋ ਜਾਂਦੇ ਹਨ ਜਦਕਿ ਭੋਜਨ ਦੇਰੀ ਨਾਲ ਹਜ਼ਮ ਹੁੰਦਾ ਹੈ, ਇਉਂ ਦੋਵਾਂ ਨੂੰ ਇੱਕੋ ਸਮੇਂ ਖਾਣ ਨਾਲ ਮਿਹਦੇ ਨੂੰ ਜ਼ਿਆਦਾ ਸਮਾਂ ਮਿਹਨਤ ਕਰਨੀ ਪੈਂਦੀ ਹੈ।
* ਰਾਤ ਨੂੰ ਨੀਂਦ ਦਾ ਪੂਰਾ ਆਨੰਦ ਲੈਣ ਲਈ ਅਤੇ ਅੰਮ੍ਰਿਤ ਵੇਲੇ ਚੁਸਤ-ਦਰੁਸਤ ਉਠਣ ਲਈ ਰਾਤ ਦਾ ਭੋਜਨ ਸੌਣ ਤੋਂ ਘੱਟੋ-ਘੱਟ ਤਿੰਨ ਘੰਟੇ ਪਹਿਲਾਂ ਕਰ ਲੈਣਾ ਚਾਹੀਦਾ ਹੈ, ਇਸ ਨਾਲ ਜਿੱਥੇ ਮਿਹਦਾ ਤੰਦਰੁਸਤ ਰਹਿੰਦਾ ਹੈ ਉਥੇ ਪੇਟ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਤੋਂ ਵੀ ਬਚਿਆ ਜਾ ਸਕਦਾ ਹੈ।

♣♣♣♣♣♣♣

# ਰਾਗ ਗੂਜਰੀ

**ਭਾਈ ਸੁਖਵੰਤ ਸਿੰਘ (ਪ੍ਰਿੰ.)**

ਪ੍ਰਾਚੀਨ ਤੇ ਪ੍ਰਸਿੱਧ ਰਾਗ ਗੂਜਰੀ ਭਗਤੀ ਭਾਵ ਦੇ ਗਾਇਨ ਕਰਨ ਲਈ ਵਿਸ਼ੇਸ਼ ਅਨੁਕੂਲ ਮੰਨਿਆ ਗਿਆ ਹੈ। ਇਸ ਰਾਗ ਦੀ ਸੰਪੂਰਣ ਰਚਨਾ ਕਰੁਣਾ ਰਸ ਨਾਲ ਓਤਪੋਤ ਹੋਣ ਕਾਰਨ ਸੰਗੀਤਕਾਰਾਂ ਨੇ, ਇਸਦੀ ਪ੍ਰਕ੍ਰਿਤੀ ਕਰੁਣਾ ਮੰਨੀ ਹੈ। "ਹਰਿ ਸਰਧਾ ਹਰਿ ਪਿਆਸ" ਇਸਦਾ ਤਰਲਾ ਹੈ। ਸ਼ਹੁ ਨੂੰ ਪਾਉਣਾ ਹੀ ਜੀਵਨ ਦਾ ਮਕਸਦ ਹੈ, ਏਹੀ ਦਰਸਾਇਆ ਹੈ "ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥ ਗੁਰ ਕੈ ਸਬਦਿ ਵੀਚਾਰ ਅਨਦਿਨ ਹਰਿ ਜਪੁ ਜਾਪਣਾ॥" ਸਹੁ ਪਾਉਣ ਲਈ "ਤਨ ਮਨ ਅਰਪਉ, ਪੂਜ ਚੜਾਵਉ" ਸਭ ਕੁਝ ਅਰਪਣਾ ਪੈਂਦਾ ਹੈ।

| | |
|---|---|
| ਅਰੋਹ | ਸ ਰੁੇ, ਗੁ ਮ' ਧੁ, ਨੀ, ਸਂ |
| ਅਵਰੋਹ | ਸਂ ਨੀ ਧੁ, ਮ' ਗੁ ਰੁੇ, ਗੁ ਰੁੇ ਸ। |
| ਸੁਰ | ਵਰਜਿਤ ਸਵਰ ਪੰਚਮ, ਰਿਸ਼ਭ ਗੰਧਾਰ ਅਤੇ ਧੈਵਤ ਕੋਮਲ, ਮ' ਤੀਬਰ, ਬਾਕੀ ਸਭ ਸ਼ੁੱਧ |
| ਥਾਟ | ਤੋੜੀ |
| ਜਾਤੀ | ਸ਼ਾੜਵ-ਸ਼ਾੜਵ |
| ਸਮਾਂ | ਦਿਨ ਦਾ ਦੂਸਰਾ ਪਹਿਰ |
| ਵਾਦੀ | ਧੈਵਤ |
| ਸੰਵਾਦੀ | ਰਿਸ਼ਭ |
| ਮੁੱਖ ਅੰਗ | ਧੁ, ਮ' ਧੁ, ਨੀ ਧੁ, ਮ' ਧੁ ਮ' ਗੁ ਰੁੇ, ਰੁੇ ਗੁ ਰੁੇ ਸ। |
| ਸੁਰ ਵਿਸਥਾਰ | ੧. ਸ, ਨ਼ੀ ਸ ਰੁੇ ਸ ਧ਼ੁ, .ਮ' ਧ਼ੁ ਨ਼ੀ ਧ਼ੁ, ਸ, ਧ਼ੁ ਨ਼ੀ ਸ ਰੁੇ ਰੁੇ ਗੁ, ਰੁੇ ਗੁ ਮ' ਗੁ, ਰੁੇ ਗੁ ਮ' ਧੁ, ਮ' ਗੁ ਮ' ਧੁ, ਮ' ਧੁ ਮ' ਗੁ ਰੁੇ, ਰੁੇ ਗੁ ਰੁੇ ਸ। |
| | ੨. ਸ, ਰੁੇ ਗੁ, ਮ' ਗੁ ਮ' ਧੁ, ਮ' ਧੁ ਨੀ ਧੁ ਸਂ, ਧੁ ਨੀ ਸਂ ਰੁੇਂ, ਰੁੇਂ ਗੁਂ ਰੁੇਂ ਸਂ, ਰੁੇਂ ਗੁਂ ਮ'ਂ ਧੁਂ, ਮ'ਂ ਗੁਂ ਰੁੇਂ, ਗੁਂ ਰੁੇਂ ਸਂ, ਰੁੇਂ ਨੀ ਧੁ, ਮ' ਧੁ ਨੀ ਧੁ, ਮ' ਧੁ ਮ' ਗੁ, ਰੁੇ ਗੁ ਰੁੇ ਸ। |



# ਗੂਜਰੀ ਮਹਲਾ ੫॥

ਜਿਸ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ॥
ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ ਜਾ ਕਾ ਅੰਤੁ ਨ ਪਾਰੋ॥੧॥
ਪੂਤਾ ਮਾਤਾ ਕੀ ਆਸੀਸ॥
ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥੧॥ਰਹਾਉ॥
ਸਤਿਗੁਰੁ ਤੁਮ੍ ਕਉ ਹੋਇ ਦਇਆਲਾ ਸੰਤਸੰਗਿ ਤੇਰੀ ਪ੍ਰੀਤਿ॥
ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ॥੨॥
ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ॥
ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ॥੩॥
ਭਵਰੁ ਤੁਮ੍ਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ॥
ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ॥ (ਅੰਗ ੪੯੬)

**ਤਾਲ-ਛੋਟਾ ਤਿੰਨ ਤਾਲ**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| **ਸਥਾਈ** | | | | ਧੁ | ਧੁ | ਮ'ਗੁ | ਰੁੇ | ਰੁੇ | .ਧੁ | .ਧੁ | ਗੁ | ਰੁੇ | ਰੁੇ | ਗੁ | ਰੁੇ |
| | | | | ਪੂ | ऽ | ਤਾऽ | ऽ | ऽ | ਮਾ | ऽ | ਤਾ | ਕੀ | ऽ | ਆ | ऽ |
| ਸ | – | ਸ | – | ਧੁ | ਧੁ | ਧੁਮ' | ਗੁਮ' | ਧੁ | ਧੁ | ਧੁ | ਧੁ | ਧੁ | ਧੁ | ਮ' | ਗੁ |
| ਸੀ | ऽ | ਸ | ऽ | ਨਿ | ਮ | ਖऽ | ਨऽ | ਬਿ | ਸ | ਰ | ਉ | ਤੁ | ਮ | ਕ | ਉ |
| ਰੁੇ | ਗੁ | ਰੁੇ | ਸ | ਸਂ | ਸਂ | ਸਂ | ਸਂ | ਨੀ | ਧੁ | ਧੁ | ਧੁ | ਮ'ਧੁ | ਧੁਮ' | ਗੁਮ' | ਮ'ਗੁ |
| ਹ | ਰਿ | ਹ | ਰਿ | ਸ | ਦਾ | ऽ | ਭ | ਜ | ਹੁ | ਜ | ਗ | ਦੀऽ | ऽऽ | ऽऽ | ऽऽ |
| ਸਰੁੇ | ਮ'ਗੁ | ਰੁੇਰੁੇ | ਸ – | | | | | | | | | | | | |
| ऽऽ | ऽऽ | ਸऽ | ऽऽ | | | | | | | | | | | | |
| | **ਅੰਤਰਾ** | | | ਧੁ | ਧੁ | ਮ'ਧੁ | ਨੀਸਂ | ਰੁੇਂ | ਰੁੇਂ | ਰੁੇਂ | ਰੁੇਂ | ਮ'ਧੁ | ਗੁਂਰੁੇਂ | ਰੁੇਂ | ਗੁਂਰੁੇਂ |
| | | | | ਜਿ | ਸ | ਸਿऽ | ਮऽ | ਰ | ਤ | ਸ | ਭ | ਕਿऽ | ਲऽ | ਵਿ | ਖऽ |
| ਰੁੇਂ | ਰੁੇਂ | ਸਂ | ਸਂ | ਰੁੇਂ | ਰੁੇਂ | ਰੁੇਂ | ਰੁੇਂ | ਰੁੇਂਸ | ਨੀਸਂ | ਰੁੇਂ | ਰੁੇਂ | ਗੁਂ | ਗੁਂਰੁੇਂ | ਰੁੇਂ | ਗੁਂ |
| ਨਾ | ऽ | ਸ | ਹਿ | ਪਿ | ਤ | ਰੀ | ऽ | ਹੋऽ | ऽऽ | ਇ | ਉ | ਧਾ | ऽऽ | ऽ | ऽ |
| ਰੁੇਂ | ਰੁੇਂ | ਸਂ | ਸਂ | ਧੁ | ਧੁ | ਮ'ਧੁ | ਨੀਸਂ | ਰੁੇਂ | ਰੁੇਂ | ਰੁੇਂ | ਰੁੇਂ | ਮ'ਧੁ | ਗੁਂਰੁੇਂ | ਰੁੇਂ | ਗੁਂਰੁੇਂ |
| ਰੋ | ऽ | ऽ | ऽ | ਸੋ | ऽ | ਹऽ | ਰਿऽ | ਹ | ਰਿ | ਤੁ | ਮ | ਸऽ | ਦऽ | ਹੀ | ऽऽ |
| ਰੁੇਂ | ਰੁੇਂ | ਸਂ | ਸਂ | ਰੁੇਂ | ਰੁੇਂ | ਰੁੇਂ | ਰੁੇਂ | ਰੁੇਂਸਂ | ਨੀਸਂ | ਰੁੇਂ | ਰੁੇਂ | ਗੁਂ | ਗੁਂਰੁੇਂ | ਰੁੇਂ | ਗੁਂ |
| ਜਾ | ऽ | ਪ | ਹੁ | ਜਾ | ऽ | ਕਾ | ऽ | ਅੰऽ | ऽऽ | ਤ | ਨ | ਪਾ | ऽऽ | ऽ | ऽ |
| ਰੁੇਂ | ਰੁੇਂ | ਸਂ | ਸਂ | ਸਂ | ਸਂ | ਸਂ | ਸਂ | ਨੀ | ਧੁ | ਧੁ | ਧੁ | ਮ'ਧੁ | ਧੁਮ' | ਗੁਮ' | ਮ'ਗੁ |
| ਰੋ | ऽ | ऽ | ऽ | ਜਾ | ऽ | ਕਾ | ऽ | ਅੰ | ऽ | ਤ | ਨ | ਪਾऽ | ऽऽ | ऽऽ | ऽऽ |
| ਸਰੁੇ | ਮ'ਗ | ਰੁੇਰੁੇ | ਸਸ | | | | | | | | | | | | |
| ਰੋऽ | ऽऽ | ऽऽ | ऽऽ | | | | | | | | | | | | |

**ਤਾਨਾਂ**

| | | | | | | | | |
|---|---|---|---|---|---|---|---|---|
| 1. | ਸਰੁੇ | ਸਸ | .ਧੁਨ਼ੀ | .ਧੁਧ਼ੁ | .ਧੁਨ਼ੀ | ਸਰੁੇ | ਰੁੇਰੁੇ | ਸਸ |
| 2. | ਰੁੇਗੁ | ਰੁੇਰੁੇ | .ਧੁਰੁੇ | ਸਸ | ਰੁੇਗੁ | ਮ'ਗੁ | ਰੁੇਰੁੇ | ਸਸ |
| 3. | ਰੁੇਗੁ | ਮ'ਧੁ | ਮ'ਗੁ | ਰੁੇਰੁੇ | ਗੁਮ' | ਧੁਮ' | ਗੁਰੁੇ | ਰੁੇਸ |
| 4. | ਗੁਮ' | ਧੁਮ' | ਧੁਨੀ | ਸਂਸਂ | ਸਂਨੀ | ਧੁਮ' | ਰੁੇਗੁ | ਰੁੇਸ |
| 5. | ਧੁਨੀ | ਸਂਰੁੇਂ | ਗੁਂਰੁੇਂ | ਸਂਸਂ | ਧੁਨੀ | ਧੁਮ' | ਧੁਨੀ | ਸਂਸਂ |
| | ਰੁੇਂਗੁਂ | ਰੁੇਂਰੁੇਂ | ਰੁੇਂਸਂ | ਨੀਸਂ | ਸਂਨੀ | ਧੁਮ' | ਗੁਰੁੇ | ਸਸ |

## ਕੈਸਿਟ ਤੇ ਆਡੀਓ ਸੀਡੀ 'ਵਡਾ ਤੇਰਾ ਦਰਬਾਰ ਰਿਲੀਜ਼'

ਲੁਧਿਆਣਾ-ਗੁਰ ਸ਼ਬਦ ਸੰਗੀਤ ਅਕੈਡਮੀ ਜਵੱਦੀ ਟਕਸਾਲ ਲੁਧਿਆਣਾ ਦੇ ਵਿਦਿਆਰਥੀਆਂ ਵਲੋਂ ਅਕੈਡਮੀ ਪ੍ਰਿੰਸੀਪਲ ਭਾਈ ਸੁਖਵੰਤ ਸਿੰਘ ਜੀ ਦੀ ਅਗਵਾਈ ਵਿਚ ਤਿਆਰ ਕੀਤੀ ਕੈਸਿਟ ਤੇ ਆਡੀਓ ਸੀਡੀ 'ਵਡਾ ਤੇਰਾ ਦਰਬਾਰ' ਜਵੱਦੀ ਟਕਸਾਲ ਦੇ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ ਵਲੋਂ ਰਿਲੀਜ਼ ਕੀਤੀ ਗਈ।

ਇਸ ਮੌਕੇ ਬੋਲਦਿਆਂ ਸੰਤ ਗਿਆਨੀ ਅਮੀਰ ਸਿੰਘ ਜੀ ਨੇ ਕਿਹਾ ਕਿ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅ੍ਰਜਨ ਦੇਵ ਜੀ ਦੇ 400 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਇਹ ਕੈਸਿਟ ਜਵੱਦੀ ਟਕਸਾਲ ਦੇ ਬਾਨੀ ਮਹਾਂਪੁਰਸ਼ ਸੰਤ ਬਾਬਾ ਸੁੱਚਾ ਸਿੰਘ ਜੀ ਵਲੋਂ ਗੁਰਮਤਿ ਸੰਗੀਤ ਤੇ ਗੁਰਸ਼ਬਦ ਦੇ ਪ੍ਰਚਾਰ ਤੇ ਪਸਾਰ ਸੰਬੰਧੀ ਆਰੰਭੀ ਲਹਿਰ ਨੂੰ ਹੋਰ ਪ੍ਰਚੰਡ ਕਰੇਗੀ।

ਗੁਰ ਸ਼ਬਦ ਸੰਗੀਤ ਅਕੈਡਮੀ ਦੇ ਪ੍ਰਿੰਸੀਪਲ ਭਾਈ ਸੁਖਵੰਤ ਸਿੰਘ ਜੀ ਨੇ ਦਸਿਆ ਕਿ ਇਸ ਕੈਸਿਟ ਵਿਚ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਪਵਿੱਤਰ ਸ਼ਬਦਾਂ ਦਾ ਗਾਇਨ ਨਿਰਧਾਰਿਤ ਰਾਗਾਂ ਵਿੱਚ ਟਕਸਾਲ ਦੇ ਵਿਦਿਆਰਥੀਆਂ ਵੱਲੋਂ ਗਾਇਨ ਕੀਤਾ ਗਿਆ ਹੈ। ਇਨ੍ਹਾਂ ਸ਼ਬਦਾਂ ਨੂੰ ਭਾਈ ਸ਼ਮਿੰਦਰਪਾਲ ਸਿੰਘ ਜੀ ਨੇ ਸਾਰੰਗੀ, ਪ੍ਰੋ. ਇੰਦਰਜੀਤ ਸਿੰਘ ਜੀ ਸਿਤਾਰ, ਪ੍ਰੋ. ਮਨਦੀਪ ਸਿੰਘ ਜੀ ਦਿਲਰੁਬਾ, ਸ੍ਰ. ਅਮਰਜੀਤ ਸਿੰਘ ਜੀ, ਸ੍ਰ ਮਨਿੰਧਰ ਸਿੰਘ ਜੀ ਤਬਲਾ ਅਤੇ ਜਗਜੀਤ ਸਿੰਘ ਜੀ ਸੋਨੀ ਨੇ ਸਾਥ ਦਿਤਾ ਹੈ।

## ਲੰਗਰ ਹਾਲ ਤੇ ਸੰਗੀਤ ਅਕੈਡਮੀ ਦੀ ਕਾਰ ਸੇਵਾ ਆਰੰਭ

ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਲੁਧਿਆਣਾ ਵਿਚ ਲੰਗਰ ਹਾਲ ਅਤੇ ਗੁਰਮਤਿ ਸੰਗੀਤ ਅਕੈਡਮੀ ਦੀਆਂ ਇਮਰਤਾਂ ਦੀ ਕਾਰ ਸੇਵਾ ਚੱਲ ਰਹੀ ਹੈ।

ਇਸ ਸੰਬੰਧੀ ਜਵੱਦੀ ਟਕਸਾਲ ਦੇ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ ਨੇ ਦੱਸਿਆ ਕਿ ਟਕਸਾਲ ਦੇ ਬਾਨੀ ਮਹਾਂਪੁਰਸ਼ ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਦੀ ਤਿਆਰ ਕੀਤੀ ਗਈ ਰੂਪ ਰੇਖਾ ਅਨੁਸਾਰ ਤਿੰਨ ਮੰਜ਼ਿਲਾ ਲੰਗਰ ਦੀ ਇਮਾਰਤ ਦੀ ਕਾਰ ਸੇਵਾ ਆਰੰਭ ਕੀਤੀ ਗਈ ਹੈ, ਇਸ ਦੀਆਂ ਦੋ ਮੰਜ਼ਿਲਾਂ ਦੇ ਲੈਂਟਰ ਪਾਏ ਜਾ ਚੁੱਕੇ ਹਨ। ਇਹ ਇਮਾਰਤ ਬਾਬਾ ਜੀ ਦੀ ਬਰਸੀ ਤੱਕ ਮੁਕੰਮਲ ਹੋ ਜਾਵੇਗੀ ਤੇ ਬਰਸੀ ਮੌਕੇ ਆਰੰਭ ਹੋ ਜਾਵੇਗਾ। ਇਸ ਦੇ ਨਾਲ ਗੁਰਸ਼ਬਦ ਸੰਗੀਤ ਅਕੈਡਮੀ ਵਿਚ ਵਿਦਿਆਰਥੀਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਹੋ ਰਹੇ ਵਾਧੇ ਨੂੰ ਮੁੱਖ ਰੱਖਦਿਆਂ ਅਕੈਡਮੀ ਦੀ ਇਮਾਰਤ ਵੀ ਤਿਆਰ ਕੀਤੀ ਜਾ ਰਹੀ ਹੈ। ਇਸ ਇਮਾਰਤ ਦੀ ਕਾਰ ਸੇਵਾ ਵੀ ਪੂਰੇ ਜ਼ੋਰ ਤੇ ਹੈ ਤੇ ਇਸ ਲਈ ਸੰਗਤਾਂ ਵੱਲੋਂ ਵਿਸ਼ੇਸ਼ ਯੋਗਦਾਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਇਮਾਰਤ ਦਾ ਉਦਘਾਟਨ ਸੰਤ ਬਾਬਾ ਸੁੱਚਾ ਸਿੰਘ ਜੀ ਦੀ ਚੌਥੀ ਬਰਸੀ ਮੌਕੇ ਕੀਤਾ ਜਾਵੇਗਾ।

## ਅੰਮ੍ਰਿਤ ਸੰਚਾਰ

ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਗੁਰਮਤਿ ਸਿਧਾਂਤ ਗੁਰਸ਼ਬਦ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਸਾਰ ਲਈ ਆਰੰਭੀ ਲਹਿਰ ਦੇ ਅੰਤਰਗਤ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ



ਟਕਸਾਲ ਵਿਖੇ ਹਰ ਮਹੀਨੇ ਦਸਵੀਂ ਦੇ ਦਿਹਾੜੇ ਮੌਕੇ ਵਿਸ਼ੇਸ਼ ਦੀਵਾਨ ਸਜਾਏ ਜਾਂਦੇ ਹਨ।

ਹਰ ਮਹੀਨੇ ਦੀ ਤਰ੍ਹਾਂ ਇਸ ਮਹੀਨੇ ਦੀ ਦਸਵੀਂ ਦੇ ਦਿਹਾੜੇ ਮੌਕੇ ਹੋਏ ਅੰਮ੍ਰਿਤ ਸੰਚਾਰ ਵਿਚ ਸੈਂਕੜੇ ਪ੍ਰਾਣੀ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ।

## ਬਾਬਾ ਸੁੱਚਾ ਸਿੰਘ ਜੀ ਦੀ ਬਰਸੀ ਸੰਬੰਧੀ ਤਿਆਰੀਆਂ ਆਰੰਭ

ਜਵੱਦੀ ਟਕਸਾਲ ਵੱਲੋਂ ਬਾਬਾ ਸੁੱਚਾ ਸਿੰਘ ਜੀ ਦੀ ਚੌਥੀ ਸਾਲਾਨਾ ਬਰਸੀ ਸੰਬੰਧੀ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਟਕਸਾਲ ਦੇ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ ਨੇ ਦੱਸਿਆ ਕਿ ਬਾਬਾ ਜੀ ਦੀ ਬਰਸੀ ਨੂੰ ਸਮਰਪਿਤ ਸ੍ਰੀ ਅਖੰਡ ਪਾਠਾਂ ਦੀ ਲੜੀ ਨਿਰੰਤਰ ਚੱਲ ਰਹੀ ਹੈ। ਜਿਸਦੇ ਭੋਗ 25 ਅਗਸਤ ਨੂੰ ਪਾਏ ਜਾਣਗੇ। ਉਨ੍ਹਾਂ ਦੱਸਿਆ ਕਿ 25 ਤੋਂ 27 ਅਗਸਤ ਤਕ ਚੱਲਣ ਵਾਲੇ ਬਰਸੀ ਸਮਾਗਮਾਂ ਨੂੰ ਸਫਲਤਾ ਸਹਿਤ ਨੇਪਰੇ ਚਾੜ੍ਹਨ ਲਈ ਸ਼ਰਧਾਲੂ ਸਿੰਘ ਦੀਆਂ ਡਿਊਟੀਆਂ ਲਗਾਈਆਂ ਜਾ ਰਹੀਆਂ ਹਨ।

## ਪੁਸਤਕ "ਸ੍ਰੀ ਗੁਰੂ ਅਰਜਨ ਦੇਵ ਜੀ-ਜੀਵਨ ਅਤੇ ਸ਼ਖ਼ਸੀਅਤ" ਰਿਲੀਜ਼

ਜਵੱਦੀ ਟਕਸਾਲ ਦੇ ਬਾਨੀ ਮਹਾਂਪੁਰਸ਼ ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਗੁਰਮਤਿ ਸਿਧਾਂਤ ਦੇ ਪ੍ਰਚਾਰ ਲਈ ਆਰੰਭੀ ਲਹਿਰ ਨੂੰ ਅੱਗੇ ਤੋਰਦਿਆਂ ਅਦਾਰਾ ਵਿਸਮਾਦੁ ਨਾਦ ਵੱਲੋਂ ਗੁਰੂ ਅਰਜਨ ਦੇਵ ਜੀ ਦੇ 400 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਡਾ. ਜਸਵੀਰ ਕੌਰ ਪਟਿਆਲਾ ਤੇ ਪਰਮਜੀਤ ਸਿੰਘ ਪੰਮੀ ਦੁਆਰਾ ਸੰਪਾਦਿਤ ਪੁਸਤਕ "ਸ੍ਰੀ ਗੁਰੂ ਅਰਜਨ ਦੇਵ ਜੀ-ਜੀਵਨ ਅਤੇ ਸ਼ਖ਼ਸੀਅਤ" ਜਵੱਦੀ ਟਕਸਾਲ ਦੇ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ ਵੱਲੋਂ ਰਿਲੀਜ਼ ਕੀਤੀ ਗਈ।

ਪੁਸਤਕ ਸੰਬੰਧੀ ਗੱਲਬਾਤ ਕਰਦਿਆਂ ਡਾ. ਜਸਵੀਰ ਕੌਰ ਪਟਿਆਲਾ ਨੇ ਦੱਸਿਆ ਕਿ ਇਸ ਪੁਸਤਕ ਵਿੱਚ ਦੋ ਦਰਜਨ ਦੇ ਕਰੀਬ ਵਿਦਵਾਨਾਂ ਵੱਲੋਂ ਲਿਖੇ ਗਏ ਖੋਜ ਪਰਚੇ ਸ਼ਾਮਿਲ ਕੀਤੇ ਗਏ ਹਨ ਜਿਨ੍ਹਾਂ ਦੁਆਰਾ ਗੁਰੂ ਅਰਜਨ ਦੇਵ ਜੀ ਦਾ ਜੀਵਨ ਰਚਨਾ, ਸ਼ਹੀਦੀ ਅਤੇ ਇਸ ਤੋਂਨ ਇਲਾਵਾ ਗੁਰੂ ਸਾਹਿਬ ਦੁਆਰਾ ਦਰਸਾਈ ਹਰ ਵਿਚਾਰਧਾਰਾ ਦੇ ਵੱਖ-ਵੱਖ ਪਹਿਲੂਆਂ 'ਤੇ ਚਾਨਣਾ ਪਾਇਆ ਗਿਆ ਹੈ।

♣♣♣♣♣♣♣